# ਭਾਗ-2

ਇਸ ਲੇਖ ਦੇ ਪਿਛਲੇ ਭਾਗ ਵਿਚ ਦਸਿਆ ਗਿਆ ਹੈ ਕਿ ਅਕਾਲ ਪੁਰਖ ਨੇ ਆਪਣੇ **ਇਲਾਹੀ 'ਪ੍ਰੇਮ ਸਵੈਪਨਾ' ਦੀ**—

'ਸਾਂਝ' ਪਾਉਣ ਲਈ
'ਮਿਲ-ਵਰਤਣ' ਲਈ
'ਲੇਵਾ-ਦੇਵੀ' ਕਰਨ ਲਈ
'ਪ੍ਰਿਮ-ਖੇਲ' ਰਚਾਉਣ ਲਈ
'ਪ੍ਰੀਤ-ਡੋਰੀ' ਪਾਉਣ ਲਈ
'ਪ੍ਰੇਮ-ਤਾਂਘ' ਦੀ ਡੋਰੀ ਕਸਣ ਲਈ
'ਪ੍ਰੇਮ-ਵਿਛੋਹ' ਨੂੰ ਝੱਲਣ ਲਈ
'ਮੇਲ' ਦੀ ਬਿਸਮਾਦੀ ਖੁਸ਼ੀ ਲਈ
'ਵਸਲ' (ਮਿਲਾਪ) ਵਿਚ ਆਪਾ ਗਵਾਉਣ ਲਈ
'ਪ੍ਰਿਮ-ਖੇਲ' ਦੀ ਸੰਪੂਰਨਤਾ ਲਈ,

ਇਸ **ਕਾਇਨਾਤ ਦੀ ਸਾਜਨਾ ਸਾਜੀ**—ਜਿਸ ਵਿਚ **'ਪ੍ਰੇਮ ਪੁਰਖ'** ਆਪਣੇ 'ਸਬਦ' ਅਥਵਾ 'ਹੁਕਮ' ਦੁਆਰਾ **ਦੋਹੀਂ ਪਾਸੀਂ**—ਇਹ ਅਸਚਰਜ, ਅਕਹਿ, ਅਨੰਤ—ਵਿਸਮਾਦੀ **'ਵਾਹੁ ਵਾਹੁ ਕਾ ਬਡਾ ਤਮਾਸਾ'** ਅਥਵਾ **'ਪ੍ਰੇਮ-ਡਰਾਮਾ'** ਖੇਲ ਰਿਹਾ ਹੈ **ਅਤੇ ਵੇਖ ਰਿਹਾ ਹੈ।**

ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥ (ਪੰਨਾ—6)
ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥ (ਪੰਨਾ—23)
ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ ਹਰਿ ਪ੍ਰਭੁ ਮੇਰਾ ਚੋਜੀ ਜੀਉ ॥
ਹਰਿ ਆਪੇ ਕਾਨ੍ਹੁ ਉਪਾਇਦਾ ਮੇਰੇ ਗੋਵਿਦਾ ਹਰਿ ਆਪੇ ਗੋਪੀ ਖੋਜੀ ਜੀਉ ॥
ਹਰਿ ਆਪੇ ਸਭ ਘਟ ਭੋਗਦਾ ਮੇਰੇ ਗੋਵਿੰਦਾ ਆਪੇ ਰਸੀਆ ਭੋਗੀ ਜੀਉ ॥......
ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ



# Lekh 79 Sangat Part 2

In the previous part of this Lekh it has been stated that the Timeless Being brought this creation into being in order —

to put a 'share'
to incorporate 'co-operation'
to have an 'interaction'
to create a 'play of love'
to string the 'cord of love'
to tighten the cord of the 'yearning of love'
to bear (the pangs of) the 'separation of love'
to (experience) the wondrous joy
to lose the presence of the self in the communion
to (bring about the) completion of the 'play of love'

of His Divine 'Self Love' - in which He, the 'Being of Love' through His 'Shabad' (Word) or 'Hukam' (Command), participates and witnesses on both sides – this astonishing, unspeakable, limitless 'gigantic play of the Wondrous' or the 'drama of love'.

1 *Having created the creation, He watches over it Himself, by His Greatness.* 6

2 *He Himself is the Enjoyer, and He Himself is the Enjoyment. He Himself is the Ravisher of all.*
*He Himself is the Bride in her dress, He Himself is the Bridegroom on the bed.* 23

*Playful is my Lord of the Universe; playful is my Beloved. My Lord God is wondrous and playful.*
*The Lord Himself created Krishna, O my Lord of the Universe; the Lord Himself is the milkmaids who seek Him.*
*The Lord Himself enjoys every heart, O my Lord of the Universe; He Himself is the Ravisher and the Enjoyer. ......*

*He Himself created the world, O my Lord of the Universe;* *(cont. next page)*

ਹਰਿ ਆਪਿ ਖੇਲੈ ਬਹੁ ਰੰਗੀ ਜੀਉ ॥ (ਪੰਨਾ—174)

ਜਹ ਦੇਖਉ ਤਹ ਰਵਿ ਰਹੇ ਰਖੁ ਰਾਖਨਹਾਰਾ ॥
ਤੂੰ ਦਾਤਾ ਭੁਗਤਾ ਤੂੰ ਹੈ ਤੂੰ ਪ੍ਰਾਣ ਅਧਾਰਾ ॥ (ਪੰਨਾ—228)

**ਦੂਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥** (ਪੰਨਾ—463)

ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ ॥
ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥
ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥ (ਪੰਨਾ—475)

ਪਸਰੀ ਕਿਰਣਿ ਜੋਤਿ ਉਜਿਆਲਾ ॥
ਕਰਿ ਕਰਿ ਦੇਖੈ ਆਪਿ ਦਇਆਲਾ ॥ (ਪੰਨਾ—1033)

ਹੁਕਮੀ ਸਹਜੇ ਸ੍ਰਿਸਟਿ ਉਪਾਈ ॥ ਕਰਿ ਕਰਿ ਵੇਖੈ ਅਪਣੀ ਵਡਿਆਈ ॥
ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ ॥ (ਪੰਨਾ—1043)

ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥
ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ
ਸੋ ਜਿਣਿ ਬਾਜੀ ਘਰਿ ਆਇਆ ॥ (ਪੰਨਾ—1185)

ਹਰਿ ਆਪੇ ਸਭ ਰਸ ਭੋਗਦਾ ਹਰਿ ਆਪੇ ਕਵਲਾਕੰਤ ॥
ਹਰਿ ਆਪੇ ਭਿਖਿਆ ਪਾਇਦਾ
ਸਭ ਸਿਸਟਿ ਉਪਾਈ ਜੀਅ ਜੰਤ ॥ (ਪੰਨਾ—1315)

ਇਸ ਅਸਚਰਜ **ਇਲਾਹੀ 'ਪ੍ਰਿਮ-ਖੇਲ'** ਵਿਚ ਇਕ ਪਾਸੇ **'ਪ੍ਰੇਮ-ਪੁਰਖ'** ਅਥਵਾ ਅਕਾਲ ਪੁਰਖ ਆਪਣਾ **'ਚੋਜ ਵਿਡਾਣਾ' ਕਰ ਰਿਹਾ ਹੈ** ਤੇ **ਦੂਜੇ ਪਾਸੇ** ਆਪਣੇ ਸਾਜੇ ਜੀਵਾਂ ਦੇ ਅੰਦਰ ਭੀ **ਆਪੇ ਹੀ**—

ਜਾਣ-ਪਛਾਣ
ਮਿਲ-ਵਰਤਣ
ਮੇਲ-ਜੋਲ
'ਸੰਗ' ਅਥਵਾ 'ਸੰਗਤ'
ਤਾਲ-ਮੇਲ (Communication)
'ਸਾਂਝ'
ਲੇਵਾ-ਦੇਵੀ
ਵਣਜ-ਵਪਾਰ

**ਕਰਵਾ ਰਿਹਾ ਹੈ।**



*the Lord Himself plays in so many ways!* 174

1 *Wherever I look, there You are. Save me, O Savior Lord!*
*You are the Giver, and You are the Enjoyer; You are the Support of the breath of life.* 228

2 *Secondly, He fashioned the creation; seated within the creation, He beholds it with delight.* 463

3 *He Himself creates and fashions the world, and He Himself keeps it in order.*
*Having created the beings within it, He oversees their birth and death.*
*Unto whom should we speak, O Nanak, when He Himself is all-in-all?* 475

4 *The rays of Divine Light have spread out their brilliant radiance.*
*Having created the creation, the Merciful Lord Himself gazes upon it.* 1033

5 *By the Hukam of His Command, He effortlessly created the Universe.*
*Creating the creation, He gazes upon His own greatness.*
*He Himself acts, and inspires all to act; in His Will, He pervades and permeates all.* 1043

6 *The Lord Himself plays, and He Himself watches; the Lord Himself created the creation.*
*O servant Nanak, that person who plays this game as Gurmukh, wins the game of life, and returns to his true home.* 1185

7 *The Lord Himself enjoys all pleasures; the Lord Himself is the Husband of Maya.*
*The Lord Himself gives in charity to the whole world, and all the beings and creatures which He created.* 1315

In this divine 'Play of Love', on one side, the 'Being of Love' or the Timeless being is operating His 'wondrous play', and on the other side, among His own created beings He is bringing about or initiating

acquaintances
dealings
interactions
'union' or 'group consciousness'
communications
partnerships
interactions
transactions.

ਪਰ 'ਜੀਵ' ਮਾਇਆ ਦੇ ਭਰਮ-ਭੁਲਾਵੇ ਵਿਚ ਗਲਤਾਨ ਹੋ ਕੇ ਆਪਣੇ **ਕਰਤੇ 'ਸੋਮੇ'** – **ਇਲਾਹੀ 'ਮਾਤਾ-ਪਿਤਾ' ਨੂੰ—**

**ਭੁਲ ਗਿਆ ਹੈ**
**ਬੇਮੁਖ ਹੋ ਗਿਆ ਹੈ**
**ਅਨਜਾਣ ਹੋ ਗਿਆ ਹੈ ।**

ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥
ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥
ਜਿਨਿ ਕੀਤਾ ਤਿਸਹਿ ਨ ਜਾਣਈ ਫਿਰਿ ਫਿਰਿ ਆਵੈ ਜਾਇ ॥ (ਪੰਨਾ—50)
ਮਾਇਆ ਮੋਹਿ ਹਰਿ ਚੇਤੈ ਨਾਹੀ ॥ (ਪੰਨਾ—111)
ਮਾਇਆ ਮੋਹਿ ਇਹੁ ਜਗੁ ਸੁਤਾ ॥
ਨਾਮੁ ਵਿਸਾਰਿ ਅੰਤਿ ਵਿਗੁਤਾ ॥ (ਪੰਨਾ—112)
ਮਾਇਆ ਮੋਹਿ ਸਭ ਸੁਧਿ ਗਵਾਈ ॥ (ਪੰਨਾ—116)
ਰਾਜ ਜੋਬਨ ਬਿਸਰੰਤ ਹਰਿ ਮਾਇਆ
ਮਹਾ ਦੁਖੁ ਏਹੁ ਮਹਾਂਤ ਕਹੈ ॥ (ਪੰਨਾ—683)
ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ ॥
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥ (ਪੰਨਾ—857)
ਏਹ ਮਾਇਆ ਜਿਤੁ ਹਰਿ ਵਿਸਰੈ
ਮੋਹ ਉਪਜੈ ਭਾਉ ਦੂਜਾ ਲਾਇਆ ॥ (ਪੰਨਾ—921)
ਮਾਇਆ ਕਾਰਣਿ ਕਰੈ ਉਪਾਉ ॥ ਕਬਹਿ ਨ ਘਾਲੈ ਸੀਧਾ ਪਾਉ ॥
ਜਿਨਿ ਕੀਆ ਤਿਸੁ ਚੀਤਿ ਨ ਆਣੈ ॥ (ਪੰਨਾ—1151)
ਮਨੁ ਮਾਇਆ ਮਹਿ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥ (ਪੰਨਾ—1427)

ਪਰ, ਫੇਰ ਭੀ ਅਕਾਲ ਪੁਰਖ ਅਥਵਾ **'ਪ੍ਰੇਮ-ਪੁਰਖ'** ਆਪਣਾ **'ਬਿਰਦ' ਪਾਲਦਾ ਹੋਇਆ**, 'ਆਪਣੀ ਅੰਸ' ਦੇ ਨਾਤੇ, ਇਹਨਾਂ ਬੇਮੁਖ ਜੀਵਾਂ ਨੂੰ ਭੀ **ਸਦੀਵੀ—**

ਪ੍ਰਤਿਪਾਲਦਾ ਹੈ
ਸਾਰ ਸਮਾਲਦਾ ਹੈ
ਲਾਡ ਲਡਾਉਂਦਾ ਹੈ
ਖੇਲ ਖਿਲਾਉਂਦਾ ਹੈ
ਸੁਖ ਲੋੜਦਾ ਹੈ
ਭਲਾ ਮਨਾਇਦਾ ਹੈ



But 'man' engrossed in the doubt fallacy of materialism

has forgotten
has turned away
has become unaware

of his Creator, the 'fountain-head', his Divine 'mother-father'.

1 *Maya has spread out her net, and in it, she has placed the bait.*
*The bird of desire is caught, and cannot find any escape, O my mother.*
*One who does not know the Lord who created him, comes and goes in rein carnation over and over again.* 50

2 *Being in love with Maya, they do not think of the Lord.* 111

3 *This world is asleep in emotional attachment to Maya.*
*Forgetting the Naam, the Name of the Lord, it ultimately comes to ruin.* 112

4 *The love of Maya has displaced all their understanding.......* 116

5 *In power, youth and Maya, the Lord is forgotten; this is the greatest tragedy - so say the spiritual sages.* 683

6 *This Maya has made me forget Your feet, O Lord of the World, Master of the Universe.*
*Not even a bit of love wells up in Your humble servant; what can Your poor servant do?* 857

7 *This is Maya, by which the Lord is forgotten; emotional attachment and love of duality well up.* 921

8 *He works for the sake of Maya, but he never places his feet on the right path. He never even remembers the One who created him.* 1151

9 *The mortal is entangled in Maya; he has forgotten the Name of the Lord of the Universe.* 1427

But even then, the Timeless Being or the 'Love Being', steadfast in His disposition or nature, ever continues to—

nurture
care and protect
cuddle
play
seek comfort of
seek the well being

ਸਮਝਾਉਂਦਾ ਹੈ
ਮੱਤਾਂ ਦਿੰਦਾ ਹੈ
ਝਾੜਦਾ ਹੈ
ਝੰਬਦਾ ਹੈ
ਡੰਡ ਦਿੰਦਾ ਹੈ

ਬਖਸ਼ਦਾ ਹੈ
ਪ੍ਰੇਮ ਡੋਰੀ ਪਾ ਕੇ ਖਿਚਦਾ ਹੈ
ਕਦੇ ਨਹੀਂ ਭੁਲਾਉਂਦਾ
ਸਦਾ ਸ਼ੁਭ ਚਿੰਤਕ ਹੈ ।

ਕੇਤਿਆ ਦੂਖ ਭੂਖ ਸਦ ਮਾਰ ॥
ਏਹਿ ਭਿ ਦਾਤਿ ਤੇਰੀ ਦਾਤਾਰ ॥ (ਪੰਨਾ—5)
ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ ॥ (ਪੰਨਾ—47)

ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖ ਜਾਤਾ ਰੇ॥(ਪੰਨਾ—612)
ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥ (ਪੰਨਾ--677)
ਬੰਧਨ ਕਾਟਿ ਬਿਸਾਰੇ ਅਉਗਨ ਅਪਨਾ ਬਿਰਦੁ ਸਮ੍ਾਰਿਆ ॥

ਹੋਏ ਕ੍ਰਿਪਾਲ ਮਾਤ ਪਿਤ ਨਿਆਈ ਬਾਰਿਕ ਜਿਉ ਪ੍ਰਤਿਪਾਰਿਆ॥(ਪੰਨਾ—382)
ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥ (ਪੰਨਾ—624)
ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ॥
ਹਮ ਅਗਿਆਨ ਅਲਪ ਮਤਿ ਥੋਰੀ

ਤੁਮ ਆਪਨ ਬਿਰਦੁ ਰਖਾਵਹੁ ॥ (ਪੰਨਾ—674)
ਅਕਿਰਤਘਣਾ ਕਾ ਕਰੇ ਉਧਾਰ ॥
ਪ੍ਰਭੁ ਮੇਰਾ ਹੈ ਸਦਾ ਦਇਆਰੁ ॥ (ਪੰਨਾ—898)

ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਏ ॥ (ਪੰਨਾ—966)
ਜਾ ਕਉ ਕੋਇ ਨ ਰਾਖੈ ਪ੍ਰਾਣੀ ਤਿਸੁ ਤੂ ਦੇਹਿ ਅਸਰਾਉ ॥ (ਪੰਨਾ—1202)
ਦੀਨ ਦਯਾਲੁ ਦਯਾਨਿਧਿ ਦੋਖਨ ਦੇਖਤ ਹੈ
ਪਰ ਦੇਤ ਨ ਹਾਰੈ ॥ (ਸਵੈਯੇ ਪਾ: ੧੦)



advise

counsel
admonish
trash
punish
bless
tie and pull the love cord
be mindful of
seek well being-ness

of even those who by virtue of being ‘His off-springs’ have turned away from Him.

1 *So many endure distress, deprivation and constant abuse.*
*Even these are Your Gifts, O Great Giver!* 5

2 *Even the ungrateful ones are cherished by God. O Nanak, He is forever the Forgiver.* 47

3 *He ever cherishes and cares for all beings, but the fool does not appreciate any of His virtues* 612

4 *He cherishes us, and gives us sustenance; He does not lack anything.* 677

5 *He has cut away my bonds, and overlooked my shortcomings, and so He has confirmed His nature.*
*Becoming merciful to me, like a mother or a father, he has come to cherish me as His own child.* 382

6 *Like the child, innocently making thousands of mistakes*
*- his father teaches him, and scolds him so many times, but still, he hugs him close in his embrace.*
*Please forgive my past actions, God, and place me on Your path for the future.* 624

7 *You destroy millions of my sins, and teach me in so many ways.*
*I am so ignorant - I understand nothing at all. Please honor Your innate nature, and save me!* 674

8 *He saves even the ungrateful; my God is forever merciful.* 898

9 *God lifts him up and pulls him out of the deep, dark pit, and attaches him to the hem of His robe.* 966

10 *That mortal, whom no one can protect - You bless him with Your Support, O Lord.* 1202

11 *The compassionate one is merciful to the hapless; He looks at our flaws, but fails not to give.* *Akal Ustaat 243*

ਇਸ ਦਾ ਮਤਲਬ ਇਹ ਹੈ ਕਿ ਅਕਾਲ ਪੁਰਖ ਐਸਾ **'ਅਤਿ ਪ੍ਰੀਤਮ'** ਹੈ ਕਿ ਉਹ ਸਾਡੀਆਂ—

'ਭੁਲਾਂ'
'ਅਗਿਆਨਤਾ'
'ਮੂਰਖਤਾ'
'ਮਨਮੁਖਤਾ'
'ਭਰਮ'
'ਅਉਗਣ'
'ਪਾਪ'
'ਮਲੀਨਤਾ'
'ਬੇਮੁਖਤਾ'

ਨੂੰ ਆਪਣੇ—

'ਪਤਿਤ ਪਾਵਨ'
'ਅਉਗਣ ਕੋ ਨ ਚਿਤਾਰੇ'
'ਬਹੁਤ ਇਆਨਪ ਜਰਤ'
'ਸਦ ਬਖਸਿੰਦੁ'

**ਦੇ ਇਲਾਹੀ ਬਿਰਦ ਦੁਆਰਾ** ਸਾਡੇ ਬੇਮੁਖ 'ਜੀਵਾਂ' ਦੇ—

ਨਾਲ ਹੋਵੰਦਾ
ਅੰਗ ਸੰਗ ਹੁੰਦਾ
'ਸੰਗ' ਕਰਦਾ
ਨਿਤ ਸਾਰ ਸਮਾਲਦਾ
'ਪ੍ਰਤਿਪਾਲਦਾ'
'ਰੋਜ਼ੀ ਦਿੰਦਾ'
ਭਲਾ ਲੋਚਦਾ
ਪਿਆਰ ਕਰਦਾ
ਖਿਚ ਪਾਉਂਦਾ ਹੈ,

ਅਤੇ ਸਾਡੇ ਅੰਤਰ-ਆਤਮੇ **ਪ੍ਰੀਤ ਤੁਣਕੇ ਮਾਰਦਾ ਰਹਿੰਦਾ ਹੈ।**

ਦੂਜੇ ਲਫ਼ਜ਼ਾਂ ਵਿਚ—ਕਾਇਨਾਤ ਵਿਚ—

**'ਇਕ-ਤਰਫ਼ੀ' 'ਪ੍ਰੇਮ-ਖੇਲ'**



This means that the Timeless Being is such a 'pinnacle of Belovedness' that (despite) our

'mistakes'
'ignorance'
'foolishness'
'self-orientatedness'
'fallacies'
'shortcomings'
'sins'
filthiness
'apostasy'

that are in us, He with His divine innate nature of

being the 'purifier of the sinners'
being 'unmindful of our shortcomings'
being the 'endurer of our ignorance'
being 'forever benevolent'

is

always present
at hand
in communion
ever caring
nurturing
the provider of our daily bread
concerned about our well being
loving
pulling

(even those of) us who have turned their backs towards Him and in the innate self within He keeps nudging us with tugs of love.

In other words — in the creation —

On one side the 'play of love'

**ਖੇਲੀ ਜਾ ਰਹੀ ਹੈ** ਅਤੇ ਕਾਇਨਾਤ ਵਿਚ ਅਨੰਤ ਜੀਵਾਂ ਦੇ ਹੁੰਦਿਆਂ ਹੋਇਆਂ ਭੀ- **ਇਲਾਹੀ 'ਪ੍ਰਿਮ-ਖੇਲ' ਦੀ 'ਸੰਪੂਰਨਤਾ' ਲਈ ਕੋਈ ਵਿਰਲੀ ਰੂਹ ਹੀ ਨਿਤਰਦੀ ਹੈ ।**

ਇਸ ਕਰਕੇ ਇਸ **ਇਲਾਹੀ 'ਪ੍ਰਿਮ-ਖੇਲ' ਦੇ ਖਿਲਾਰੀ ਕੋਈ ਵਿਰਲੇ 'ਗੁਰਮੁਖ ਪਿਆਰੇ' ਹੀ ਹੁੰਦੇ ਹਨ ।**

ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥ (ਪੰਨਾ—219)
ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥
ਵਿਰਲੈ ਕਾਹੂ ਨੇਤ੍ਰਹੁ ਡੀਠੀ ॥ (ਪੰਨਾ—739)
ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ ॥ (ਪੰਨਾ—844)
ਪ੍ਰੇਮ ਭਗਤਿ ਜਿਸੁ ਆਪੇ ਦੇਇ ॥
ਜਗ ਮਹਿ ਵਿਰਲੇ ਕੇਈ ਕੇਇ ॥ (ਪੰਨਾ—867)
ਪ੍ਰਭ ਸੰਗੀ ਮਿਲਿ ਖੇਲਨ ਲਾਗ ॥ (ਪੰਨਾ—1180)
ਪਿਰਮ ਪਿਆਲੇ ਇਕ ਬੂੰਦ ਗੁਰਮੁਖ ਵਿਰਲਾ ਅਜਰੁ ਜਰੰਦਾ ॥
ਅਲਖ ਲਖਾਇ ਨ ਅਲਖ ਲਖੰਦਾ ॥ (ਵਾ.ਭਾ.ਗੁ. 26/13)
ਤੇ ਵਿਰਲੇ ਸੈਂਸਾਰ ਵਿਚਿ ਪਿਰਮ ਸਨੇਹੀ ਮੀਨ ਤਰੰਦੇ ॥......
ਗੁਰਮੁਖ ਸੁਖ ਫਲ ਪਿਰਮ ਚਖੰਦੇ ॥ (ਵਾ.ਭਾ.ਗੁ. 28/17)

ਅਕਾਲ ਪੁਰਖ ਦੀ **'ਪ੍ਰੀਤ ਡੋਰੀ'** ਅਥਵਾ **'ਜੀਵਨ ਰੌਂ'**—ਜੀਵਾਂ ਦੇ ਅੰਦਰ ਰਵਿ ਰਹੀ ਭਰਪੂਰ ਹੈ ਅਤੇ ਏਸੇ 'ਜੀਵਨ-ਰੌਂ' ਅਥਵਾ **'ਸਬਦ' ਦੁਆਰਾ ਹੀ ਜੀਵ**—

ਜੰਮਦੇ ਹਨ
ਜੀਉਂਦੇ ਹਨ
ਵਿਚਾਰਦੇ ਹਨ
ਸੋਚਦੇ ਹਨ
ਦੇਖਦੇ ਹਨ
ਬੋਲਦੇ ਹਨ
ਕਰਮ ਕਰਦੇ ਹਣ
ਨਤੀਜੇ ਭੁਗਤਦੇ ਹਨ ।

ਪਰ ਫੇਰ ਭੀ ਜੀਵਾਂ ਨੂੰ ਆਪਣੇ **ਅੰਦਰਲੀ ਇਲਾਹੀ 'ਹੋਂਦ' ਦਾ**—

**ਪਤਾ ਨਹੀਂ ਲਗਦਾ**
**ਸੋਝੀ ਨਹੀਂ ਆਉਂਦੀ**



is being played and despite the presence of innumerable human beings only some rare being is capable of taking this divine 'play of love' to its successful conclusion.

For this reason rare indeed are the 'guru-orientated beloveds' who are the players of this divine 'play of love'.

1 *O servant Nanak, this is such a difficult game; only a few Gurmukhs under stand it!* *219*

2 *The Natural Speech of God is so very sweet.*
*How rare is that person, who sees it with his eyes.* *739*

3 *The Unspoken Speech, the state of Nirvaanaa - how rare is the Gurmukh who understands this.* *844*

4 *One whom the Lord Himself blesses with loving devotional worship,*
*is very rare in this world.* *867*

5 *Joining with God's companions, I have begun to play.* *1180*

6 *Only a rare gurmukh (Guru orientated being) can bear the unbearable power of even one drop of the cup of love.*
*The Guru himself sees the imperceptible Lord who is not visible to others.* *VBG 26/13*

7 *Rare are (the Sikhs) in the world who being filled with love swim like fish...*
*(Thus becoming gurmukhs) they taste the fruit of joy.* *VBG 28/17*

The Timeless Being's 'cord of love' or 'life-current' is infused and brimful within the beings and through this 'life-current' or 'shabad' (word) those beings

take birth
keep alive
keep living
keep thinking
keep seeing
keep talking
keep doing things
keep facing the consequences.

Despite this, about this internal divine 'presence', man -

is uninformed
has no awareness

**ਅਹਿਸਾਸ ਨਹੀਂ ਹੁੰਦਾ**
**ਗਿਆਨ ਨਹੀਂ ਹੁੰਦਾ ।**

ਤੂ ਭਰਪੂਰਿ ਜਾਨਿਆ ਮੈ ਦੂਰਿ ॥ ਜੋ ਕਛੁ ਕਰੀ ਸੁ ਤੇਰੈ ਹਦੂਰਿ ॥
ਤੂ ਦੇਖਹਿ ਹਉ ਮੁਕਰਿ ਪਾਉ ॥ ਤੇਰੈ ਕੰਮਿ ਨ ਤੇਰੈ ਨਾਇ ॥ (ਪੰਨਾ—25)
ਅੰਤਰਿ ਬਾਹਰਿ ਰਵਿ ਰਹਿਆ ਤਿਸ ਨੋ ਜਾਣੈ ਦੂਰਿ ॥ (ਪੰਨਾ—47)
ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ
ਮਮਤਾ ਲਾਗੇ ਤੁਧੁ ਹਰਿ ਵਿਸਰਿਆ ॥ (ਪੰਨਾ – 435)
ਏਕਾ ਸੇਜ ਵਿਛੀ ਧਨ ਕੰਤਾ ॥
ਧਨ ਸੂਤੀ ਪਿਰੁ ਸਦ ਜਾਗੰਤਾ ॥ (ਪੰਨਾ—737)
ਕਰਨੈਹਾ ਨ ਬੂਝਈ ਆਪ ਗਨੈ ਬਿਗਾਨਾ ॥ (ਪੰਨਾ—813)
ਜਿਨਹਿ ਨਿਵਾਜਿ ਸਾਜਿ ਹਮ ਕੀਏ
ਤਿਸਹਿ ਬਿਸਾਰਿ ਅਵਰ ਲਗਰੀ ॥ (ਪੰਨਾ—856)
ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ ॥
ਮਾਇਆ ਮਦਿ ਮਾਤਾ ਹੋਛੀ ਬਾਤਾ
ਮਿਲਣੁ ਨ ਜਾਈ ਭਰਮ ਧੜਾ ॥ (ਪੰਨਾ—924)
ਨਿਰਭਉ ਨਾਮ ਵਿਸਾਰਿਆ ਨਾਲਿ ਮਾਇਆ ਰਚਾ ॥
ਆਵੈ ਜਾਇ ਭਵਾਈਐ ਬਹੁ ਜੋਨੀ ਨਚਾ ॥ (ਪੰਨਾ—1099)

ਜਿਸ ਤਰ੍ਹਾਂ ਬਿਜਲੀ ਦੀ ਸ਼ਕਤੀ ਨੂੰ ਮਹਿਸੂਸ ਕਰਨਾ— ਚੀਜ਼ਾਂ ਦੀ **ਗ੍ਰਹਿਣ ਸ਼ਕਤੀ** (Conductivity) ਉਤੇ ਅਧਾਰਤ ਹੈ । ਇਹ ਗ੍ਰਹਿਣ ਸ਼ਕਤੀ (receptivity) ਅੱਡ ਅੱਡ ਚੀਜ਼ਾਂ ਦੀ ਬਨਾਵਟ ਅਤੇ ਸੂਖਮਤਾ (sensivity) ਉਤੇ ਅਧਾਰਤ ਹੈ ।

'ਲੱਕੜ' ਯਾ 'ਰਬੜ' ਵਿਚ ਗ੍ਰਹਿਣ ਸ਼ਕਤੀ ਬਹੁਤ ਘਟ ਯਾ ਉਕਾ ਹੀ ਨਹੀਂ ਹੁੰਦੀ (bad conductivity) ।

ਕਈਆਂ ਚੀਜ਼ਾਂ ਵਿਚ ਮੱਧਮ ਗ੍ਰਹਿਣ ਸ਼ਕਤੀ (medium conductivity) ਹੁੰਦੀ ਹੈ ।

ਕੁਝ ਚੀਜ਼ਾਂ ਵਿਚ ਇਹ ਗ੍ਰਹਿਣ ਸ਼ਕਤੀ ਅਤੀ ਤੀਬਰ (high conductivity) ਹੁੰਦੀ ਹੈ ।

ਏਸੇ ਤਰ੍ਹਾਂ ਹਰ ਇਕ 'ਜੀਵ' ਦੇ ਅੰਦਰ **'ਆਤਮਿਕ ਬਿਜਲੀ'** ਅਥਵਾ **'ਸਬਦ'** ਰਵਿ ਰਹਿਆ ਭਰਪੂਰ ਹੈ---ਪਰ ਸਾਡਾ ਮਨ ਮਾਇਕੀ ਰੰਗਤ ਦੇ ਅਸਰ ਨਾਲ ਇਤਨਾ



has no realisation
has no knowledge

*1 You are present everywhere. I had thought that You were far away.*
*Whatever I do, I do in Your Presence.*
*You see all my actions, and yet I deny them.*
*I have not worked for You, or Your Name.* 25

*2 The Lord is pervading within and beyond, and yet people think that He is far away.* 47

*3 Kakka: You wander around in sexual desire and anger, you fool; attached to possessiveness, you have forgotten the Lord.* 435

*4 One bed is spread out for the bride and her Husband Lord.*
*The bride is asleep, while her Husband Lord is always awake.* 737

*5 The fool does not understand the Creator Lord; instead, he thinks that he him self is the doer.* 813

*6 Forgetting the Lord who formed, fashioned and embellished me, I have be come attached to another.* 856

*7 He is with all, but he cannot be found; the fool does not know His taste.*
*Intoxicated with the wine of Maya, the mortal babbles on about trivial affairs;*
*giving in to the illusion, he cannot meet the Lord.* 924

*8 Forgetting the Naam, the Name of the Fearless Lord, he becomes attached to Maya. He comes and goes, and wanders, dancing in countless incarnations.* 1099

The ability of things to sense the power of electricity depends on their conductivity. This receptivity depends on the composition and the sensitivity of different things.

'Wood' or 'rubber' have very low or almost no conductivity.

Some things have medium conductivity.

Some things have high conductivity.

In the same way 'divine electric current' or 'Shabad' is infused and brimful within every 'being'..... but our mind, under the influence of materialistic hue

**'ਮਨੂਰ' ਹੋ ਚੁਕਿਆ ਹੈ** ਕਿ ਆਪਣੇ ਅੰਦਰ 'ਰਵਿ-ਰਹੀ-ਭਰਪੂਰ' ਆਤਮਿਕ ਬਿਜਲੀ ਅਥਵਾ **'ਜੀਵਨ ਰੌਂ' ਯਾ 'ਸ਼ਬਦ' ਨੂੰ—**

ਮਹਿਸੂਸ ਕਰਨ
ਜਾਣਨ
ਬੁਝਣ
ਅਨੁਭਵ ਕਰਨ
ਗ੍ਰਹਿਣ ਕਰਨ
'ਸੰਗ' ਕਰਨ
ਅਸਰ ਲੈਣ
ਸਾਂਝ ਕਰਨ
ਲੇਵਾ-ਦੇਵੀ ਕਰਨ
ਲਾਹਾ ਲੈਣ
ਮਾਨਣ

**ਤੋਂ ਅਸਮਰਥ ਹੈ।**

ਇਸ ਦਾ ਮਤਲਬ ਇਹ ਹੈ ਕਿ ਅਸੀਂ ਆਪਣੀ ਮਾਨਸਿਕ—

ਭੁਲ
ਭਰਮ
ਅਗਿਆਨਤਾ
ਮਨਮੁਖਤਾਈ

ਦੇ ਕਾਰਨ—ਅੰਤ੍ਰ-ਆਤਮੇ **ਇਲਾਹੀ 'ਜੋਤ', 'ਸ਼ਬਦ', 'ਨਾਮ' ਦੇ ਦਿਨ ਰਾਤ—**

**ਨਾਲ ਹੁੰਦਿਆਂ**
**ਨਾਲ ਵਰਤਦਿਆਂ**
**ਜੀਵਨ ਅਧਾਰ ਹੁੰਦਿਆਂ**
**ਰਵਿ ਰਹਿਆ ਭਰਪੂਰ ਹੁੰਦਿਆਂ**

**ਭੀ, ਉਸ ਨਾਲ—**

**'ਸੰਗ'**
**'ਸੰਗਤ'**
**'ਸਾਂਝ'**



it has become so rusted or corroded that it has lost the capacity to—

feel
know
discover
be aware
acquire
associate
experience
share
interact
benefit
enjoy

the 'infused-brimful' divine electric current of 'life current' or 'shabad' within itself.

What this means is that we, by virtue of our mental

forgetfulness
doubtfulness
ignorance
mind-orientatedness

despite

having within
operating within
being the life support
being infused and brimful

in the innate self day and night with **the divine 'light', 'shabad' or 'naam'**,

yet we cannot

communicate
keep company
relate

**ਮਿਲ-ਵਰਤਣ**

**ਲੇਵਾ-ਦੇਵੀ**

**ਵਣਜ-ਵਪਾਰ**

**ਨਹੀਂ ਕਰ ਸਕਦੇ**—ਜਿਸ ਕਾਰਨ **ਇਲਾਹੀ ਗੁਣਾਂ ਤੋਂ ਅਸੀਂ ਵਾਂਝੇ ਰਹਿੰਦੇ** ਹਾਂ ਤੇ **ਆਪਣੇ ਆਤਮਿਕ 'ਵਿਰਸੇ' ਤੋਂ** ਲਾਹਾ ਨਹੀਂ ਲੈਂਦੇ।

ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ ॥ (ਪੰਨਾ—234)

ਸੰਗਿ ਹੋਵਤ ਕਉ ਜਾਨਤ ਦੂਰਿ ॥
ਸੋ ਜਨੁ ਮਰਤਾ ਨਿਤ ਨਿਤ ਝੂਰਿ ॥ (ਪੰਨਾ—395)

ਸੇਜੈ ਰਮਤੁ ਨੈਨ ਨਹੀ ਪੇਖਉ ਇਹੁ ਦੁਖੁ ਕਾਸਉ ਕਹਉ ਰੇ ॥ (ਪੰਨਾ—482)

ਧਨ ਪਿਰ ਏਕੈ ਸੰਗਿ ਬਸੇਰਾ ॥
ਸੇਜ ਏਕ ਪੈ ਮਿਲਨੁ ਦੁਹੇਰਾ ॥ (ਪੰਨਾ—483)

ਜਿਨਿ ਅਪਣਾ ਪਿਰੁ ਨਹੀ ਜਾਤਾ ਕਰਮ ਬਿਧਾਤਾ
ਕੂੜਿ ਮੁਠੀ ਕੂੜਿਆਰੇ ॥ (ਪੰਨਾ—583)

ਇਆਨੜੀਏ ਮਾਨੜਾ ਕਾਇ ਕਰੇਹਿ ॥
ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥ (ਪੰਨਾ—722)

ਖਰੀ ਸਿਆਣੀ ਕੰਤ ਨ ਭਾਣੀ ॥
ਮਾਇਆ ਲਾਗੀ ਭਰਮਿ ਭੁਲਾਣੀ ॥ (ਪੰਨਾ—750)

ਪਿਰਿ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ ॥
ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ ॥ (ਪੰਨਾ—1111)

ਧਨ ਪਿਰ ਕਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਤਿ ਕਰਾਰੀ ॥ (ਪੰਨਾ—1263)

ਜੀਵਨ ਦੀਆਂ **ਦੋਹਾਂ ਹਾਲਤਾਂ** ਅਥਵਾ—

| | | |
|---|---|---|
| ਭੁਲ | ਯਾ | ਯਾਦ |
| ਕੁਸੰਗਤ | ਯਾ | ਸੰਗਤ |
| ਮਨਮੁਖਤਾ | ਯਾ | ਗੁਰਮੁਖਤਾ |
| ਦੁਖ | ਯਾ | ਸੁਖ |
| ਨਰਕ | ਯਾ | ਸੁਰਗ |

**ਦੇ ਵਿਚਕਾਰ ਮਹੱਤਵਪੂਰਨ ਨੁਕਤਾ** (crucial point) ਸਾਡੀ **ਚੇਤੰਨਤਾ** (consciousness) **ਹੀ ਹੈ।**



cooperate

interact

carry out transactions

with it — thereby causing us to be divorced from divine virtues and rendering us incapable of deriving benefit from our spiritual 'heritage.

1 *Your Beloved Husband is now manifest before you in your own home, but you are separated from Him, and you suffer such pain!* 234

2 *The Lord is Ever-present; one who deems Him to be far away, dies again and again, repenting.* 395

3 *He rests in the bed of my mind, but I cannot see Him with my eyes. Unto whom should I tell my sufferings?* 482

4 *The bride and the Groom dwell together.*
*They lie upon the one bed, but their union is difficult.* 483

5 *She who does not know her Husband Lord, the Architect of karma, is deluded by falsehood - she herself is false.* 583

6 *O foolish and ignorant soul-bride, why are you so proud?*
*Within the home of your own self, why do you not enjoy the Love of your Lord?* 722

7 *She may be very clever, but this does not please her Husband Lord.*
*Attached to Maya, she is deluded by doubt.* 750

8 *Abandoning her Husband Lord, she sleeps, and does not appreciate His Worth.*
*Leaving her Husband Lord, she sleeps, and is plundered by her faults and de merits. The night is so painful for this bride.* 1111

9 *The soul-bride and the Husband Lord live together as one, but the hard wall of egotism has come between them.* 1263

Between both conditions of life or -

| | | |
|---|---|---|
| forgetfulfulness | or | remembrance |
| bad company | or | good company |
| mind-orientated | or | guru-orientated |
| distress | or | happiness |
| hell | or | heaven |

the crucial point is our consciousness.

L79.9

ਜੇਕਰ ਸਾਡੀ ਚੇਤੰਨਤਾ (consciousness) **ਮਾਇਕੀ ਅਥਵਾ 'ਭਰਮ' ਨਾਲ 'ਸੰਗ' ਕਰਦੀ ਹੈ ਤਾਂ ਅਸੀਂ 'ਮਨਮੁਖ' ਹੋ ਜਾਂਦੇ ਹਾਂ ਅਤੇ ਇਲਾਹੀ ਮੰਡਲ ਨੂੰ 'ਭੁਲ' ਜਾਂਦੇ ਹਾਂ**— ਪਰ ਜੇ ਸਾਡੀ 'ਚੇਤੰਨਤਾ' **ਆਤਮਿਕ ਸੰਗਤ ਕਰਦੀ ਹੈ ਤਾਂ ਸਾਡੇ ਅੰਦਰ 'ਦੈਵੀ ਚੇਤੰਨਤਾ'** (divine consciousness) **ਦ੍ਰਿੜ੍ਹ ਹੁੰਦੀ ਜਾਂਦੀ ਹੈ ।**

ਸਾਧ ਸੰਗਤ ਦੁਆਰਾ ਪ੍ਰਾਪਤ ਕੀਤੀ **ਦੈਵੀ ਚੇਤੰਨਤਾ** (consciousness) **ਅਥਵਾ 'ਬਿਬੇਕ ਬੁਧੀ' ਨੇ ਹੀ ਮਾਨਸਿਕ ਯਾ ਆਤਮਿਕ 'ਜੀਵਨ' ਅਥਵਾ 'ਚੰਗੀ' ਯਾ 'ਮਾੜੀ' ਸੰਗਤ ਦਾ** —

ਨਿਰਨਾ ਕਰਨਾ ਹੈ
ਸੇਧ ਦੇਣੀ ਹੈ
ਚਿੰਤਨ ਕਰਨਾ ਹੈ
ਅਭਿਆਸ ਕਰਨਾ ਹੈ
ਕਰਮ ਕਰਨਾ ਹੈ ।

ਸਾਧ ਸੰਗਤਿ ਮਿਲਿ ਬੁਧਿ ਬਿਬੇਕ ॥ (ਪੰਨਾ—377)
ਸੁਭ ਚਿੰਤਨ ਗੋਬਿੰਦ ਰਮਣ ਨਿਰਮਲ ਸਾਧੂ ਸੰਗ ॥ (ਪੰਨਾ—459)
ਸਤ ਸੰਗਤਿ ਮਿਲਿ ਬਿਬੇਕ ਬੁਧਿ ਹੋਈ ॥ (ਪੰਨਾ—481)
ਸਾਧ ਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨ ਅਧਾਰੋ ॥ (ਪੰਨਾ - 498)
ਦੁਰਮਤਿ ਮੈਲੁ ਗਈ ਸਭ ਨੀਕਲਿ
ਸਤ ਸੰਗਤਿ ਮਿਲਿ ਬੁਧਿ ਪਾਈ ॥ (ਪੰਨਾ—881
ਭਗਤ ਦਇਆ ਤੇ ਬੁਧਿ ਪਰਗਾਸੈ ਦੁਰਮਤਿ ਦੂਖ ਤਜਾਵਣਾ ॥ (ਪੰਨਾ—1081)
ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ
ਸਤਸੰਗਤਿ ਗੁਰ ਪਿਆਰ ॥ (ਪੰਨਾ—1256)

ਅੰਤਰ-ਆਤਮੇ—'ਜੋਤ' ਅਥਵਾ **'ਸਬਦ' ਦੀ ਚੇਤੰਨਤਾ ਦੁਆਰਾ** ਪ੍ਰਾਪਤ ਕੀਤੇ ਗਿਆਨ (spiritual knowledge) **ਨੂੰ ਅਨੁਭਵ** (intuition) **ਕਿਹਾ ਗਿਆ ਹੈ ।**

**ਅਨੁਭਵ** (intuition) **ਸਾਨੂੰ ਅਨੰਤ ਆਤਮਿਕ ਮੰਡਲ ਦੀ ਸੋਝੀ ਅਤੇ ਗਿਆਨ ਬਖਸ਼ਦਾ ਹੈ ।**

**ਦਿਮਾਗੀ ਗਿਆਨ** ਸਾਨੂੰ ਸੀਮਤ **ਮਾਇਕੀ ਮੰਡਲ ਦੀ ਹੀ ਸੋਝੀ ਯਾ ਗਿਆਨ ਦੇ ਸਕਦਾ ਹੈ ।**



If our consciousness 'connects' with materialism or ''doubt-fallacy' then we become 'manmukh' or mind-orientated and we forget the divine 'realm' - but if our consciousness connects with spirituality then divine consciousness begins to get ingrained with us.

The divine consciousness acquired through the company of the holy or the 'discerning-intellect' is the one that is going to carry out the

discerning
giving of direction
contemplating
meditating
taking of action

of mental or spiritual 'life' or 'good' or 'bad' company.

*Joining the Saadh Sangat, the Company of the Holy, my understanding is refined.* 377

2 *It is the most sublime contemplation, to speak of the Lord of the Universe in the pure Saadh Sangat, the Company of the Holy.* 459

3 *Joining the Sat Sangat, the True Congregation, discriminating understanding is attained.* 481

4 *In the Saadh Sangat, the Company of the Holy, Nanak has obtained under standing; singing the Kirtan of the Lord's Praises is his only support.* 498

5 *The filth of evil-mindedness is totally washed away; joining the Sat Sangat, the True Congregation, one is blessed with understanding.* 881

6 *By the kindness of the devotee, the intellect is enlightened, and pain and evil-mindedness are eradicated.* 1081

7 *Wisdom, understanding and awareness are found in the Name of the Lord. In the Sat Sangat, the True Congregation, embrace love for the Guru.* 1256

The spiritual knowledge accumulated through the consciousness of the 'light' or 'shabad' of the innate self within is call intuition.

Intuition introduce us to the realisation and knowledge of the bounteous spiritual realm.

Intellectual knowledge can only give us the realisation or knowledge of the limited materialistic realm.

ਇਹ ਦੋਵੇਂ ਕਿਸਮ ਦੇ 'ਗਿਆਨ'—

ਅਨੁਭਵੀ ਆਤਮਿਕ ਗਿਆਨ
ਦਿਮਾਗੀ ਮਾਇਕੀ ਗਿਆਨ

ਦੇ ਵਿਚਕਾਰ 'ਚੇਤੰਨਤਾ' ਦੀ ਡੋਰੀ ਹੈ ।

ਜੇਕਰ ਸਾਡੀ ਚੇਤੰਨਤਾ ਦੀ ਡੋਰੀ ਯਾ 'ਧਿਆਨ' ਦੈਵੀ ਸੰਗਤ ਨਾਲ ਜੁੜਿਆ ਹੋਵ ਅਥਵਾ 'ਆਤਮ ਪ੍ਰਾਇਣ' ਹੋਵੇ ਤਾਂ ਉਸ ਨੂੰ 'ਸਤ ਸੰਗਤ' ਕਿਹਾ ਜਾਂਦਾ ਹੈ ਤੇ ਸਾਡੀ ਚੇਤੰਨਤਾ ਨੂੰ ਦੈਵੀ 'ਰੰਗਤ' ਚੜ੍ਹਦੀ ਜਾਂਦੀ ਹੈ ਤੇ ਅਸੀਂ ਸਾਧ-ਸੰਤ-ਭਗਤ-ਗੁਰਮੁਖ ਬਣ ਸਕਦੇ ਹਾਂ ।

ਦੂਜੇ ਪਾਸੇ ਜੇ ਸਾਡੀ ਚੇਤੰਨਤਾ ਦੀ ਡੋਰੀ ਯਾ ਧਿਆਨ ਮਾਇਕੀ ਭਰਮ ਵਿਚ ਗਲਤਾਨ ਹੋਵੇ ਤਾਂ ਉਸ ਨੂੰ 'ਕੁਸੰਗਤ' ਅਥਵਾ ਨੀਵੀਂ ਸੰਗਤ ਕਿਹਾ ਜਾਂਦਾ ਹੈ—ਜਿਸ ਨਾਲ ਅਸੀਂ ਮਨਮੁਖ-ਮਾਇਆਧਾਰੀ-ਸਾਕਤ ਬਣ ਜਾਂਦੇ ਹਾਂ ਤੇ ਆਤਮਿਕ ਮੰਡਲ ਨਾਲੋਂ ਟੁਟ ਜਾਂਦੇ ਹਾਂ ।

ਇਹਨਾਂ ਦੋਹਾਂ ਅਵਸਥਾਵਾਂ ਦੇ ਵਿਚਕਾਰ ਜੀਵ ਦੀ

'ਚੇਤੰਨਤਾ' ਅਥਵਾ 'ਧਿਆਨ'
ਅਤੇ
'ਸੰਗ' ਕਰਨਾ ਅਥਵਾ 'ਸੰਗਤ'

ਦਾ ਹੀ ਵਰਤ-ਵਰਤਾਰਾ ਅਤੇ ਪ੍ਰਵਿਰਤੀ ਹੈ ।

ਹਰ ਇਕ 'ਕਰਮ' (action) ਦੀ ਪੂਰਨ ਕਾਮਯਾਬੀ ਲਈ ਚੇਤੰਨਤਾ' ਅਥਵਾ ਧਿਆਨ (attention) ਲਾਜ਼ਮੀ ਹੈ ।

ਇਕੁ ਮਨੁ ਇਕੁ ਵਰਤਦਾ ਜਿਤੁ ਲਗੈ ਸੋ ਥਾਇ ਪਾਇ ॥ (ਪੰਨਾ—303)

ਇਸੇ ਤਰ੍ਹਾਂ 'ਸੰਗ' ਯਾ 'ਸੰਗਤ' ਕਰਨ ਦੇ ਮੁਕੰਮਲ ਲਾਭ, ਆਪਸ ਵਿਚ 'ਸਾਂਝ' ਅਥਵਾ 'ਲੇਵਾ-ਦੇਵੀ' ਲਈ ਭੀ 'ਚੇਤੰਨਤ' ਅਥਵਾ 'ਧਿਆਨ' ਦੀ ਅਤੀ ਲੋੜ ਹੈ ।

ਧਿਆਨ ਅਥਵਾ ਸੁਰਤੀ ਬਗੈਰ ਕੋਈ 'ਸਾਂਝ' ਯਾ 'ਲੇਵਾ-ਦੇਵੀ' ਨਹੀਂ ਹੋ ਸਕਦੀ ।

ਕੁਝ ਉਦਾਹਰਨਾਂ ਦੁਆਰਾ ਇਸ ਗੱਲ ਨੂੰ ਦਰਸਾਇਆ ਜਾਂਦਾ ਹੈ ।

ਘਰਾਂ ਵਿਚ ਰੇਡੀਓ (Radio) ਯਾ ਟੇਪ ਰਿਕਾਰਡਰ (Tape recorder) ਰਾਹੀਂ ਕੀਰਤਨ ਯਾ ਪਾਠ ਹੋ ਰਿਹਾ ਹੈ, ਪਰ ਘਰ ਦੇ ਹਰ ਇਕ ਜੀਵ ਅਥਵਾ



Between both these types of 'knowledge' - (namely)

intuitional spiritual knowledge (and)
intellectual materialistic knowledge

lies the cord of 'consciousness'.

If the cord of our consciousness or 'attention' is connected with the divine sangat, the holy gathering, (that is it) is 'soul enlightened', then that (gathering) is called the 'sat sangat' (the company of truth) and our consciousness begins to acquire the 'hue' of spirituality and we become sadh-sant-bhagat gurmukh.

On the other hand if the cord of our consciousness or attention is entangled in materialistic doubt-fallacy then that (state) is referred to as 'negative company' or corrupt company. In this state we get detached from the spiritual realm and become mind-orientated-worldly-materialistic.

Between these two levels or stages, man's
'consciousness' or 'attention'
and
(his) interaction or 'company'
predominates and prevails.

(The presence of) 'consciousness' or attention is vital to achieve complete success in any action.

*When the mortal is of one mind - whatever he dedicates it to, in that he is successful.* *303*

In the same way, to reap the full benefit of a 'communion' or 'company', for 'cooperation' or 'interaction' to take place, 'consciousness' or 'attention is absolutely needed.

Without attention or consciousness 'cooperation' or 'interaction' is not possible.

This point is elaborated upon with a few examples.

Through radio and tape recorder kirtan and recitation of spiritual text is going on, but every person in the household or

ਮੈਂਬਰ ਆਪਣੇ ਘਰੋਗੀ ਮਾਮਲਿਆਂ ਵਿਚ ਗਲਤਾਨ ਹਨ ਯਾ ਗਲਾਂ ਬਾਤਾਂ ਵਿਚ ਮਸਤ ਹਨ। ਮੁੱਦਾ ਤਾਂ ਇਹ ਸੀ ਕਿ ਲਾਊਡ ਸਪੀਕਰ (loud speaker) ਯਾ ਹੋਰ ਸਾਧਨਾਂ ਰਾਹੀਂ ਪਾਠ ਅਤੇ ਕੀਰਤਨ ਨੂੰ ਜ਼ਿਆਦਾ ਤੋਂ ਜ਼ਿਆਦਾ ਸਰੋਤਿਆਂ ਤਕ ਘਰਾਂ ਵਿਚ ਭੀ ਪਹੁੰਚਾਇਆ ਜਾਵੇ ਪਰ ਸਾਡੇ ਮਨ ਕਿਸੇ ਹੋਰ ਵਿਸ਼ੇ ਵਿਚ ਗਲਤਾਨ ਹੋਣ ਕਾਰਣ, ਕੀਰਤਨ ਯਾ ਗੁਰਬਾਣੀ ਵਲ ਸਾਡਾ 'ਧਿਆਨ' ਹੀ ਨਹੀਂ ਹੁੰਦਾ।

ਇਸੇ ਤਰ੍ਹਾਂ ਜਦ ਅਸੀਂ ਖੁਦ ਪਾਠ ਯਾ ਸਿਮਰਨ ਕਰਦੇ ਹਾਂ ਤਾਂ ਸਾਡੀ 'ਚਤੰਨਤਾ' ਹੋਰ ਅਨੇਕ 'ਚਿੰਤਨ ਵਿਚ ਲਗੀ ਹੁੰਦੀ ਹੈ ਜਿਸ ਕਾਰਣ ਸਾਡਾ ਧਿਆਨ ਗੁਰਬਾਣੀ ਵਿਚ ਨਹੀਂ ਲਗਦਾ।

ਆਮ ਸੰਗਤਾ ਦੀ ਭੀ ਇਹੋ ਸ਼ਿਕਾਇਤ ਹੈ ਕਿ ਗੁਰਬਾਣੀ ਵਿਚ ਮਨ ਨਹੀਂ ਟਿਕਦਾ।

ਜਦ ਸਾਡੀ ਚੇਤੰਨਤਾ ਯਾ 'ਧਿਆਨ' ਗੁਰਬਾਣੀ ਅਥਵਾ ਸਿਮਰਨ ਵਲ ਨਾ ਹੋਵੇ ਤਾਂ ਅਸੀਂ ਗੁਰਬਾਣੀ ਦੀ 'ਸੰਗਤ' ਨਹੀਂ ਕਰ ਰਹੇ ਹੁੰਦੇ, ਜਿਸ ਕਾਰਣ ਸਾਡਾ ਗੁਰਬਾਣੀ ਦੇ ਅੰਤ੍ਰੀਵ ਆਤਮਿਕ ਭਾਵਾਂ ਨਾਲ 'ਸੰਗ' ਯਾ 'ਮੇਲ' ਨਹੀਂ ਹੁੰਦਾ ਤੇ ਗੁਰਬਾਣੀ ਨਾਲ ਸਾਡੇ ਮਨ ਦੀ 'ਸਾਂਝ' ਯਾ 'ਲੇਵਾ-ਦੇਵੀ' ਨਹੀਂ ਹੁੰਦੀ। ਇਸ ਤਰ੍ਹਾਂ ਉਚੀ-ਸੁਚੀ ਇਲਾਹੀ ਗੁਰਬਾਣੀ ਦੀ 'ਸੰਗਤ' ਨਹੀਂ ਹੁੰਦੀ ਅਤੇ ਗੁਰਬਾਣੀ ਦੀ 'ਪਾਰਸ ਕਲਾ' ਤੋਂ ਅਸੀਂ ਵਾਂਝੇ ਰਹਿੰਦੇ ਹਾਂ।

ਦੂਜੇ ਲਫ਼ਜ਼ਾਂ ਵਿਚ 'ਚੇਤੰਨਤਾ' ਯਾ ਧਿਆਨ ਤੋਂ ਬਗੈਰ ਜੋ ਕੁਝ ਭੀ ਕਰਦੇ ਹਾਂ ਸਭ ਬੇ-ਧਿਆਨੇ' — 'ਗੈਰ ਹਾਜ਼ਰੀ' ਵਿਚ ਹੀ ਕਰਦੇ ਹਾਂ। ਇਸ ਲਈ ਅਸੀਂ 'ਸਾਧ ਸੰਗਤ' ਯਾ 'ਸਤ ਸੰਗਤ' ਤੋਂ ਪੂਰਾ ਲਾਹਾ ਨਹੀਂ ਲੈਂਦੇ ਅਤੇ ਗੁਰਬਾਣੀ ਦੇ ਪਾਠ, ਕੀਰਤਨ ਅਤੇ ਸਿਮਰਨ ਦੇ ਲਾਭ ਤੋਂ ਭੀ ਵਾਂਝੇ ਰਹਿੰਦੇ ਹਾਂ।

ਇਹੋ ਕਾਰਨ ਹੈ ਕਿ ਪਿਛਲੇ ਜਮਾਨੇ ਨਾਲੋਂ ਅਜ ਕਲ ਬਹੁਤ ਜ਼ਿਆਦਾ —

ਧਰਮ

ਧਰਮ ਗ੍ਰੰਥ

ਧਰਮ ਮੰਦਰ

ਧਰਮ ਪ੍ਰਚਾਰ

ਸਤਸੰਗ ਸਮਾਗਮ

ਪਾਠ

ਪੂਜਾ



member is absorbed in his or her household matters or is engaged in conversation. The intention was to enable the paath and kirtan to reach via loud-speakers and other means to as many listeners as possible at homes but because our mind is engrossed in some other matter, 'our attention' is not on the kirtan or gurbani.

In the same way when we are reading Gurbani or doing simran our 'consciousness' is involved in so many other 'thought' and this is the reason why our attention does not dwell in Gurbani.

The general sangat too has this complaint that their mind does not get absorbed in Gurbani.

When our consciousness or 'attention' is not focused in Gurbani or simran then we are not in 'communion' with Gurbani. This is the reason why we cannot get linked or connected with the innate spiritual messages of Gurbani and there is no 'association' or 'interaction' between us and Gurbani. In this way the lofty and pure 'communion' does not take place with Gurbani and we remain divorced from the 'touch-stone power' of Gurbani.

In other words without 'consciousness' or attention, whatever we do, is done in a state of 'inattention' — in a state of 'absenteeism'. That is why we cannot derive the full benefit from the 'sadh sangat' or 'sat sangat, the company of the holy and we remain divorced from the benefit of reading, singing, and contemplating Gurbani.

This is the reason why when compared with the earlier times, nowadays despite the enormous increase in—

religion

religious texts

religious temples

religious propagation

holy religious gatherings

reading of Gurbani

worship

L79-12

ਕੀਰਤਨ

ਜਪ

ਤਪ

ਕਰਮ-ਕ੍ਰਿਆ

**ਦੇ ਬਾਵਜੂਦ ਭੀ ਸਾਡੀ ਮਾਨਸਿਕ ਅਤੇ ਆਤਮਿਕ ਅਵਸਥਾ ਵਿਚ ਪਰਿਵਰਤਨ ਹੀ ਨਹੀਂ ਆਉਂਦਾ,** ਬਲਕਿ ਸਾਡੀ ਮਾਨਸਿਕ ਸ਼ਖ਼ਸੀਅਤ ਨਿੱਘਰਦੀ ਜਾਂਦੀ ਹੈ।

ਪੰਡਿਤ ਪੜਹਿ ਸਾਦੁ ਨ ਪਾਵਹਿ ॥
ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥ (ਪੰਨਾ—116)
ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥
ਬਾਤਨ ਹੀ ਅਸਮਾਨੁ ਗਿਰਾਵਹਿ ॥ (ਪੰਨਾ—332)
ਰਹਤ ਅਵਰ ਕਛੁ ਅਵਰ ਕਮਾਵਤ ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥ (ਪੰਨਾ—269)
ਤੀਰਥਿ ਜਾਉ ਤ ਹਉ ਹਉ ਕਰਤੇ ॥
ਪੰਡਿਤ ਪੂਛਉ ਤ ਮਾਇਆ ਰਾਤੇ ॥ (ਪੰਨਾ—385)
ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥ (ਪੰਨਾ—635)
ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ
ਨਹ ਮਿਲੀਐ ਇਹ ਜੁਗਤਾ ॥ (ਪੰਨਾ—642)
ਹ੍ਰਿਦੈ ਕਪਟੁ ਮੁਖ ਗਿਆਨੀ ॥
ਝੂਠੇ ਕਹਾ ਬਿਲੋਵਸਿ ਪਾਨੀ ॥ (ਪੰਨਾ—656)
ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥ (ਪੰਨਾ—662)
ਭੇਖ ਦਿਖਾਵੈ ਸਚੁ ਨ ਕਮਾਵੈ ॥
ਕਹਤੋ ਮਹਲੀ ਨਿਕਟਿ ਨ ਆਵੈ ॥ (ਪੰਨਾ—738)
ਗਿਆਨ ਵਿਹੂਣਾ ਗਾਵੈ ਗੀਤ ॥
ਭੁਖੇ ਮੁਲਾਂ ਘਰੇ ਮਸੀਤਿ ॥
ਮਖਟੂ ਹੋਇ ਕੈ ਕੰਨ ਪੜਾਏ ॥



kirtan (singing of Gurbani verses)
meditation
stringent discipline
rites and rituals

no change has come in our mental and spiritual state, infact our mental personality continues to decline.

1 *The Pandits, the religious scholars read, but they do not taste the essence.*
*In love with duality and Maya, their minds wander, unfocused.* 116

*They do not listen to the Lord's Praises, and they do not sing the Lord's Glories, but they try to bring down the sky with their talk.* 332

3 *He says one thing, and does something else.*
*There is no love in his heart, and yet with his mouth he talks tall.* 269

4 *Journeying to sacred shrines of pilgrimage, I see the mortals acting in ego.*
*If I ask the Pandits, I find them tainted by Maya.* 385

5 *You may stand and recite the Shaastras and the Vedas, O Siblings of Destiny, but these are just worldly actions.*
*Filth cannot be washed away by hypocrisy, O Siblings of Destiny; the filth of corruption and sin is within you.*
*This is how the spider is destroyed, O Siblings of Destiny, by falling head-long in its own web.* 635

6 *He may remain devoted to worship and adoration, bowing his forehead to the floor, practicing the six religious rituals.*
*He indulges in egotism and pride, and falls into entanglements, but he does not meet the Lord by these devices.* 642

7 *In his heart there is deception, and yet in his mouth are words of wisdom.*
*You are false - why are you churning water?* 656

8 *Some people try to deceive the world by closing their eyes and holding their nostrils closed.* 662

9 *He wears religious robes, but he does not practice Truth.*
*He says that he has found the Mansion of the Lord's Presence, but he cannot even get near it.* 738

10 *The one who lacks spiritual wisdom sings religious songs.*
*The hungry Mullah turns his home into a mosque.*
*The lazy unemployed has his ears pierced to look like a Yogi.*

ਫਕਰੁ ਕਰੇ ਹੋਰੁ ਜਾਤਿ ਗਵਾਏ ॥ (ਪੰਨਾ—1245)

ਬਿਨੁ ਸੰਗਤਿ ਕਰਮ ਕਰੈ ਅਭਿਮਾਨੀ
ਕਢਿ ਪਾਣੀ ਚੀਕੜੁ ਪਾਵੈਗੋ ॥ (ਪੰਨਾ—1309)

**'ਚੇਤੰਨਤਾ' ਤੋਂ ਬਗੈਰ** ਸਾਡਾ ਜੀਵਨ **'ਨਿਰਜੀਵ' ਮਾਦਾ ਚੀਜ਼ਾਂ** (matter) **ਵਰਗਾ ਹੈ।** ਇਸ ਲਈ ਜੀਵਾਂ ਦਾ ਆਪਸ ਵਿਚ **ਸੂਖਮ ਮਾਨਸਿਕ ਅਤੇ ਆਤਮਿਕ ਸਤਾਹ ਤੇ ਮੇਲ ਮਿਲਾਪ, 'ਸੰਗਤ'—'ਸਾਂਝ'—'ਲੇਵਾ ਦੇਵੀ'** ਨਹੀਂ ਹੋ ਸਕਦੀ।

ਇਨਸਾਨ ਅਤੇ ਜਾਨਵਰਾਂ ਵਿਚ ਇਸੇ **'ਚੇਤੰਨਤਾ' ਦਾ ਹੀ 'ਅੰਤਰ' ਹੈ।** ਇਨਸਾਨਾਂ ਵਿਚ ਇਹ ਚੇਤੰਨਤਾ (consciousness) **ਅਤੀ ਤੀਖਣ, ਤੀਬਰ, ਸੂਖਮ ਭਾਵਨਾਵਾਂ** (subtle feelings) ਵਾਲੀ ਹੁੰਦੀ ਹੈ—ਜਿਸ ਕਾਰਣ ਇਹ 'ਸੰਗਤ' ਦੁਆਰਾ ਉਚੀਆਂ-ਸੁਚੀਆਂ **ਆਤਮਿਕ ਪ੍ਰੇਮ ਭਾਵਨਾਵਾਂ ਨੂੰ ਗ੍ਰਹਿਣ ਕਰਕੇ ਮਾਣ ਸਕਦੇ ਹਨ**—ਪਰ ਜਾਨਵਰਾਂ ਵਿਚ ਇਹ 'ਚੇਤੰਨਤਾ' **ਮੱਟੀ-ਠੁੱਲੀ ਹੁੰਦੀ ਹੈ, ਜ ਸੂਖਮ ਆਤਮਿਕ ਭਾਵਨਾਵਾਂ ਨੂੰ 'ਗ੍ਰਹਿਣ' ਨਹੀਂ ਕਰ ਸਕਦੀ।**

ਸਾਡੀ **ਦਿਲਚਸਪੀ** (interest) **ਅਨੁਸਾਰ ਸਾਡੇ ਮਨ ਦਾ ਧਿਆਨ ਖਿਚਿਆ ਜਾਂਦਾ ਹੈ।** ਜਨਮਾਂ-ਜਨਮਾਂ ਤੋਂ ਸਾਡਾ ਮਨ **ਇਲਾਹੀ ਮੰਡਲ ਤੋਂ 'ਟੁਟਿਆ' ਹੋਇਆ ਹੈ** ਅਤੇ **ਮਾਇਕੀ ਮੰਡਲ ਵਿਚ ਗਲਤਾਨ ਹੋ ਕੇ ਸੂਖਮ ਆਤਮਿਕ ਪ੍ਰੇਮ ਭਾਵਨਾਵਾਂ ਨੂੰ ਗ੍ਰਹਿਣ ਕਰਨ ਤੋਂ ਅਸਮਰਥ ਹੋ ਚੁਕਿਆ ਹੈ।**

ਦੂਜੇ ਲਫ਼ਜ਼ਾਂ ਵਿਚ ਸਾਡੀ **ਚੇਤੰਨਤਾ** ਅਥਵਾ **ਅਵਸਥਾ ਜਾਨਵਰਾਂ ਵਰਗੀ ਹੋ ਚੁਕੀ ਹੈ।**

ਜੋ ਨ ਸੁਨਹਿ ਜਸੁ ਪਰਮਾਨੰਦਾ ॥
ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥ (ਪੰਨਾ—188)
ਕਰਤੂਤਿ ਪਸੂ ਕੀ ਮਾਨਸ ਜਾਤਿ ॥ (ਪੰਨਾ—267)
ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥ (ਪੰਨਾ—427)
ਜਿਹਵਾ ਇੰਦ੍ਰੀ ਸਾਦਿ ਲੋਭਾਨਾ ॥
ਪਸੂ ਭਏ ਨਹੀ ਮਿਟੈ ਨੀਸਾਨਾ ॥ (ਪੰਨਾ—903)
ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ (ਪੰਨਾ—1013)
ਸਾਧ ਸੰਗਤਿ ਕਬਹੂ ਨਹੀ ਕੀਨੀ ਰਚਿਓ ਧੰਧੈ ਝੂਠ ॥
ਸੁਆਨ ਸੂਕਰ ਬਾਇਸ ਜਿਵੈ ਭਟਕਤੁ ਚਾਲਿਓ ਊਠਿ ॥ (ਪੰਨਾ—1005)
ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥ (ਪੰਨਾ—1132)



*Someone else becomes a pan-handler, and loses his social status.* 1245

1 *But not joining the Sangat, and committing actions in egotistical pride, is like drawing out clean water, and throwing it in the mud.* 1309

Without 'consciousness' our life is like dead matter. For this reason the subtle mental and spiritual presence and getting together - 'communion - sharing - 'interaction' between beings cannot take place.

Between human beings and animals the 'difference' lies in this consciousness. In human beings the consciousness is extremely sharp, intense, made up of subtle feelings — that is why it (the consciousness) can absorb spiritual feelings of love and experience them — but in animals the consciousness being coarse, cannot 'experience' the subtle spiritual vibes.

The extent to which our mind's attention gets pulled (directly) depends on the (degree of ) interest we show. Over numerous births our mind is 'divorced' from the spiritual realm and being engrossed in the materialistic realm it is incapable of experiencing the subtle spiritual feelings of love.

In other words our consciousness has now become similar to that of animals.

2 *Those who do not listen to the Praises of the Lord of supreme bliss, are worse off than beasts, birds or creeping creatures.* 188

3 *They belong to the human species, but they act like animals.* 267

4 *Without the Sangat, the Company of the Holy, all remain like beasts and animals.* 427

5 *You are lured by the tastes of the tongue and sex organs.*
*You have become a beast; this sign cannot be erased.* 903

6 *Past actions cannot be erased; without understanding the Hukam of the Lord's Command, they become beasts.* 1013

7 *You never joined the Saadh Sangat, the Company of the Holy. You are en grossed in false pursuits.* 1105

8 *You wander like a dog, a pig, a crow; soon, you shall have to get up and leave.*
*He acts like a beast, and does not understand anything. Practicing falsehood, he becomes false.* 1123

L79-14

ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥
ਪਸੂ ਭਏ ਅਭਿਮਾਨੁ ਨ ਜਾਈ ॥ (ਪੰਨਾ—1190)
ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥
ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥ (ਪੰਨਾ—1284)

ਸਾਡੀ 'ਪਸੂ-ਬਿਰਤੀ' ਜਾਂ ਨੀਵੀ **'ਚੇਤੰਨਤਾ' ਨੂੰ 'ਬਦਲਣ' ਅਥਵਾ ਉਚੇਰਾ, ਚੰਗੇਰਾ ਅਤੇ 'ਆਤਮ ਪ੍ਰਾਇਣ' ਕਰਨ ਲਈ**—ਗੁਰਬਾਣੀ ਵਿਚ **ਇਕੋ-ਇਕ 'ਸਾਧਨ' ਅਥਵਾ ਜੁਗਤੀ ਦਸੀ ਗਈ ਹੈ,** ਉਹ ਹੈ—

**'ਸਾਧ ਸੰਗਤ' ਅਥਵਾ 'ਸਤ ਸਗਤ' ।**

ਜੋ ਜੋ ਜਪੈ ਤਿਸ ਕੀ ਗਤਿ ਹੋਇ ॥ ਸਾਧ ਸੰਗਿ ਪਾਵੈ ਜਨੁ ਕੋਇ ॥
ਕਰਿ ਕਿਰਪਾ ਅੰਤਰਿ ਉਰਧਾਰੈ ॥
ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥ (ਪੰਨਾ—274)
ਉਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥
ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ ॥ (ਪੰਨਾ—297)
ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ ॥
ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ ॥ (ਪੰਨਾ—206)
ਸ੍ਰੇਸਟ ਚਿੰਤਨ ਗੁਬਿੰਦ ਰਮਣ ਨਿਰਮਲ ਸਾਧੂ ਸੰਗ ॥ (ਪੰਨਾ—522)
ਆਨ ਉਪਾਉ ਨ ਕੋਊ ਸੂਝੈ ਹਰਿ ਦਾਸਾ ਸਰਣੀ ਪਰਿ ਰਹਾ ॥ (ਪੰਨਾ—1203)
ਗੁਰਮੁਖਿ ਸੁਖ ਫਲ ਸਾਧ ਸੰਗੁ
ਪਸੁ ਪਰੇਤ ਪਤਿਤ ਨਿਸਤਾਰੇ । (ਵਾ ਭਾ.ਗੁ. 16/7)

ਕਿਸੇ ਖਿਆਲ ਨੂੰ ਇਕ ਨੁਕਤੇ ਉਤੇ ਇਕਾਗਰ ਕਰਨ ਨੂੰ **'ਧਿਆਨ'** ਅਥਵਾ **'ਸੁਰਤੀ-ਬਿਰਤੀ' ਕਿਹਾ ਜਾਂਦਾ ਹੈ ।**

ਜੀਵਨ ਦੇ ਹਰ ਕੰਮ ਕਾਜ ਦੀ ਸਫਲਤਾ ਤੇ ਸੰਪੂਰਨਤਾ ਲਈ **'ਧਿਆਨ' ਲਾਜਮੀ ਹੈ ।** ਧਿਆਨ ਤੋਂ ਬਗੈਰ ਕੋਈ ਕੰਮ—

**ਸਹੀ**
**ਮੁਕੰਮਲ**
**ਪੂਰਨ**
**ਲਾਭਦਾਇਕ**

**ਨਹੀਂ ਹੋ ਸਕਦਾ ।**



1 *The manmukh is blind; he does not like the Guru's Teachings.*
*He has become a beast; he cannot get rid of his egotistical pride.* *1190*

2 *The self-willed manmukhs are false; without the Name, they wander around like demons.*
*They are nothing more than beasts, wrapped up in human skin; they are black-hearted within.* *1284*

To change our 'animalistic tendency' or low 'consciousness', that is to make it lofty, better and 'dedicated to the soul' - there is one and only one 'way' or methodology indicated in Gurbani, that is—

'Sadh sangat' or 'sat sangat', the company of the holy.

3 *Whoever chants it, is emancipated.*
*And yet, rare are those who attain it, in the Company of the Holy.*
*By His Grace, He enshrines it within.*
*Even beasts, ghosts and the stone-hearted are saved.* *274*

4 *So, when standing up and sitting down, vibrate upon the Lord, and cherish the Saadh Sangat, the Company of the Holy.*
*O Nanak, evil-mindedness is eradicated, when the Supreme Lord God comes to dwell in the mind.* *297*

5 *Trying all sorts of things, I have grown weary, but still, they will not leave me alone.*
*But I have heard that they can be rooted out, in the Saadh Sangat, the Company of the Holy; and so I seek their Shelter.* *206*

6 *It is the most sublime contemplation, to speak of the Lord of the Universe in the pure Saadh Sangat, the Company of the Holy.* *522*

7 *I cannot see any other way out. I seek the Sanctuary of the Lord's slaves.1203*

8 *The pleasure fruit of gurmukhs is the company of holy persons through which animals, ghosts, and the fallen ones are salvaged and liberated.* *VBG 16/7*

To focus the mind on any one thought is called 'attention' or 'contemplation'.

To achieve success and perfection in any kind of work 'attention' is essential. Without attention no work can be

done correctly
completed
accomplished
beneficial.

ਏਸੇ ਤਰ੍ਹਾਂ **ਧਿਆਨ ਤੋਂ ਬਗੈਰ**— ਧਾਰਮਿਕ ਪਾਠ-ਪੂਜਾ, ਕਰਮ-ਕ੍ਰਿਆ ਭੀ—

**ਫੋਕੇ**

**ਰਸ-ਹੀਣ**

**ਭਾਵਨਾ ਹੀਣ**

**ਲਾਭ-ਹੀਣ**

**ਮੁਰਦਾ ਸਾਧਨ**

**ਹੀ ਬਣ ਕੇ ਰਹਿ ਜਾਂਦੇ ਹਨ ।**

'ਸੁਲਤਾਨਪੁਰ' ਵਿਖੇ ਗੁਰੂ ਨਾਨਕ ਸਾਹਿਬ ਜੀ ਦਾ—ਕਾਜੀਆਂ ਦੀ **ਬੇਧਿਆਨੀ ਨਮਾਜ** ਵਿਚ ਸ਼ਾਮਲ ਨਾ ਹੋਣਾ—ਇਸੇ ਗੱਲ ਦਾ **ਲਖਾਇਕ ਹੈ** ਕਿ **ਧਿਆਨ ਤੋਂ ਬਗੈਰ** ਪਾਠ, ਪੂਜਾ, ਜਾਪ, ਸਿਮਰਨ, ਕਰਮ-ਕ੍ਰਿਆ **ਨਿਸਫਲ ਹਨ ।** ਪਰ ਫੇਰ ਭੀ ਆਮ ਜਨਤਾ—

ਬੇ-ਧਿਆਨੇ

ਰਸਮੀ ਤੌਰ ਤੇ

ਰੀਸੋ-ਰੀਸੀ

ਬੱਧਾ-ਚੱਟੀ

ਲੋਕਾਚਾਰੀ

ਦਿਖਾਵੇ ਮਾਤ੍ਰ

ਸੁਆਰਥ ਲਈ

ਮਨ ਦੀ ਤਸੱਲੀ ਲਈ

ਮਾਇਆ ਬਟੋਰਨ ਲਈ

ਹੀ ਪਾਠ, ਪੂਜਾ, ਕੀਰਤਨ, ਕਰਮ, ਕ੍ਰਿਆ, ਧਰਮ ਪ੍ਰਚਾਰ ਆਦਿ ਕਰੀ ਜਾ ਰਹੀ ਹੈ ।

ਜਿਨ ਕਉ ਪ੍ਰੀਤਿ ਰਿਦੈ ਹਰਿ ਨਾਹੀ ਤਿਨ ਕੂਰੇ ਗਾਢਨ ਗਾਢੇ ॥ (ਪੰਨਾ—171)

ਧੋਹੁ ਨ ਚਲੀ ਖਸਮ ਨਾਲਿ ਲਬ ਮੋਹਿ ਵਿਗੁਤੇ ॥
ਕਰਤਬ ਕਰਨਿ ਭਲੇਰਿਆ ਮਦਿ ਮਾਇਆ ਸੁਤੇ ॥ (ਪੰਨਾ—321)

ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ ॥
ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ ॥ (ਪੰਨਾ—680)

ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ
ਸੋ ਨਿਹਫਲ ਸਭੁ ਅਗਿਆਨੁ ॥ (ਪਨਾ—734)



In this way without attention—the reading of religious texts-worship, rites-rituals too become

hollow

devoid of faith

devoid of benefits

dead (fruitless) methods.

The non presence of the kajis (Muslim preachers) in the inattentive 'nimaaz' or prayer in Sultanpur is Guru Nanak's indicator of this very point that , the reading religious texts, worship, contemplation, rites-rituals without attention, are useless-will bear no fruit. But despite this the masses continue to read religious texts, worship, contemplate, do simran, engage in rites-rituals, and religious preaching (in a state where they ) —

are inattentive

try to be officially correct

try to ape others

do it as an enforced duty

do it to get social approval

do it to as a means displaying their talents

do it to attain selfish interests

do it to boost mind's confidence

do it to attain materialistic.

1 *Those who do not have love for the Lord within their hearts, harbor only false intentions and goals.* 171

2 *Deception does not work with our Lord and Master; through their greed and emotional attachment, people are ruined.*
*They do their evil deeds, and sleep in the intoxication of Maya.* 321

3 *People try to deceive others, but the Inner-knower, the Searcher of hearts, knows everything.*
*They commit sins, and then deny them, while they pretend to be in Nirvaanaa.* 680

4 *The faithless cynics in their love of duality and sensual desires, harbor foul-smelling urges. They are totally useless and ignorant.* 734

ਇਕ ਅਪਣੈ ਸੁਆਇ ਆਇ ਬਹਹਿ ਗੁਰ ਆਗੈ
ਜਿਉ ਬਗੁਲ ਸਮਾਧ ਲਗਾਈਐ ॥ (ਪੰਨਾ—881)

ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥
ਮਨੂਆ ਡੋਲੈ ਦਹਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥ (ਪੰਨਾ—1013)

ਕਿਆ ਉਜੂ ਪਾਕੁ ਕੀਆ ਮੁਹੁ ਧੋਇਆ ਕਿਆ ਮਸੀਤਿ ਸਿਰੁ ਲਾਇਆ ॥
ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ
ਕਿਆ ਹਜ ਕਾਬੈ ਜਾਇਆ ॥ (ਪੰਨਾ—1350)

**ਮੋਹ-ਮਾਇਆ ਵਿਚ ਗਲਤਾਨ ਹੋਇਆ ਮਨ** ਯਾ ਅੰਤਿਸ਼ਕਰਨ ਅਪਣੇ ਆਪ ਜੋ ਭੀ ਕਰਮ, ਧਰਮ, ਪਾਠ-ਪੂਜਾ ਕਰਦਾ ਹੈ ਉਹ ਸਭ ਅਕਸਰ **'ਹਉਮੈ' ਵਿਚ ਬੇਧਿਆਨੇ, 'ਓਪਰੇ ਜਿਹੇ' ਮਨ ਨਾਲ ਕੀਤੇ ਜਾਂਦੇ ਹਨ।** ਇਸੇ ਕਾਰਨ ਇਲਾਹੀ ਮੰਡਲ ਦੀਆਂ **ਸੂਖਮ ਆਤਮਿਕ ਪ੍ਰੇਮ-ਸਵੇਪਨਾ ਦੀਆਂ ਦੇਵੀ ਭਾਵਨਾਵਾਂ ਦਾ ਸਾਡੇ ਮਨ ਉਤੇ ਅਸਰ ਨਹੀਂ ਹੁੰਦਾ** ਅਤੇ ਸਾਡੇ ਜੀਵਨ ਵਿਚ ਕੋਈ ਚੰਗੇਰਾ-ਉਚੇਰਾ **'ਪਰਿਵਰਤਨ' ਨਹੀਂ ਆਉਂਦਾ।**

ਜੀਵਨ ਵਿਚ ਮਾਨਸਿਕ ਅਤੇ **ਆਤਮਿਕ ਪਰਿਵਰਤਨ ਲਿਆਉਣ ਲਈ ਗੁਰਬਾਣੀ** ਵਿਚ ਇਉਂ **ਪ੍ਰੇਰਨਾ** ਕੀਤੀ ਗਈ ਹੈ :—

ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥ (ਪੰਨਾ—12)

ਸਾਧ ਸੰਗਿ ਕੀਰਤਨ ਫਲੁ ਪਾਇਆ ॥
ਜਮ ਕਾ ਮਾਰਗੁ ਦ੍ਰਿਸਟਿ ਨ ਆਇਆ ॥ (ਪੰਨਾ—197)

ਮਿਟਿ ਗਏ ਬੈਰ ਭਏ ਸਭ ਰੇਨ ॥
ਅੰਮ੍ਰਿਤ ਨਾਮੁ ਸਾਧ ਸੰਗਿ ਲੈਨ ॥ (ਪੰਨਾ—295)

ਸਾਧੂ ਸੰਗਤਿ ਦੀਓ ਰਲਾਇ ॥
ਪੰਚ ਦੂਤ ਤੇ ਲੀਓ ਛਡਾਇ ॥ (ਪੰਨਾ—331)

ਅਗਨਿ ਸਾਗਰ ਭਏ ਸੀਤਲ ਸਾਧ ਅੰਚਲ ਗਹਿ ਰਹੇ ॥ (ਪੰਨਾ—458)

ਕਰਿ ਸਾਧ ਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥ (ਪੰਨਾ—631)

ਗਈ ਗਿਲਾਨਿ ਸਾਧ ਕੈ ਸੰਗਿ ॥
ਮਨੁ ਤਨੁ ਰਾਤੋ ਹਰਿ ਕੈ ਰੰਗਿ ॥ (ਪੰਨਾ—892)

ਪ੍ਰਭੁ ਆਰਾਧਨ ਨਿਰਮਲ ਰੀਤਿ ॥
ਸਾਧ ਸੰਗਿ ਬਿਨਸੀ ਬਿਪਰੀਤਿ ॥ (ਪੰਨਾ—1137)



1 *Some come for their own purposes, and sit before the Guru; they pretend to be in Samaadhi, like storks with their eyes closed.* 881

2 *Some shave their heads, some keep their hair in matted tangles; some keep it in braids, while some keep silent, filled with egotistical pride.*
*Their minds waver and wander in ten directions, without loving devotion and enlightenment of the soul.* 1013

3 *And what good are your purifications? Why do you bother to wash your face? And why do you bother to bow your head in the mosque?*
*Your heart is full of hypocrisy; what good are your prayers or your pilgrimage to Mecca?* 1350

The mind that is engrossed in attachment-materialism, or the sub-consciousness which participates in actions, religion, reading of religious, (and) worship, all that, in fact is done inattentively in egotism with a superficial involvement of the mind. This is the reason why the divine vibes of subtle spiritual love of Self within have no effect on our minds and no pure and lofty change occurs in our life.

Gurbani guides (or motivates) us as follows to bring about mental and spiritual change in our life:-

4 *Join the Saadh Sangat, the Company of the Holy; vibrate and meditate on the Jewel of the Naam.* 12

5 *I have obtained the reward of the Kirtan of the Lord's Praises, in the Saadh Sangat, the Company of the Holy.*
*I no longer have to gaze upon the way of death.* 197

6 *Hatred is gone, and I have become the dust of all.*
*I have received the Ambrosial Naam in the Company of the Holy.* 295

7 *He has united me with the Saadh Sangat, the Company of the Holy.*
*He has rescued me from the five demons.* 331

8 *The ocean of fire becomes cool, when one grasps the hem of the robe of the Holy Saint.* 458

9 *Join the Saadh Sangat, the Company of the Holy, and meditate in remem brance on the Lord; even a sinner like yourself will become pure.* 631

10 *In the Saadh Sangat, the Company of the Holy, my aversion is gone.*
*My mind and body are imbued with love for the Lord.* 892

11 *Worship and adoration of God is the pure way of life.*
*In the Saadh Sangat, the Company of the Holy, the love of duality vanishes.* 1137

L79-17

ਇਸ ਦੇ **ਉਲਟ ਸਾਧ ਸੰਗਤਿ ਛੋਂ ਬਗੈਰ** ਜੀਵ ਦੀ ਹਾਲਤ ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ :—

ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ
ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥ (ਪੰਨਾ—10)
ਸਾਧ ਸੰਗਤਿ ਸਿਉ ਸੰਗੁ ਨ ਕੀਆ ਬਹੁ ਜੋਨੀ ਦੁਖੁ ਪਾਵੈ ॥ (ਪੰਨਾ—77)
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥ (ਪੰਨਾ—135)
ਡੋਲਿ ਡੋਲਿ ਮਹਾ ਦੁਖੁ ਪਾਇਆ ਬਿਨਾ ਸਾਧੂ ਸੰਗ ॥ (ਪੰਨਾ—405)
ਜਿਨ ਸਤਿਗੁਰ ਸੰਗਤਿ ਸੰਗੁ ਨ ਪਾਇਆ
ਸੇ ਭਾਗਹੀਣ ਪਾਪੀ ਜਮਿ ਖਾਇਆ ॥ (ਪੰਨਾ—494)
ਟਿਕਨੁ ਨ ਪਾਵੈ ਬਿਨੁ ਸਤ ਸੰਗਤਿ
ਕਿਸੁ ਆਗੈ ਜਾਇ ਰੂਆਈਐ ॥ (ਪੰਨਾ—532)
ਬਿਨੁ ਸਾਧੂ ਜੋ ਜੀਵਨਾ ਤੇਤੋ ਬਿਰਥਾਰੀ ॥ (ਪੰਨਾ—810)

ਏਸੇ ਲਈ ਗੁਰਬਾਣੀ ਵਿਚ ਸਾਨੂੰ ਇਸ ਤਰ੍ਹਾਂ 'ਜਾਚਨਾ' ਕਰਨ ਦੀ ਪ੍ਰੇਰਨਾ ਕੀਤੀ ਗਈ ਹੈ :—

ਹਰਿ ਜੀਉ ਆਗੈ ਕਰੀ ਅਰਦਾਸਿ ॥
ਸਾਧੂ ਜਨ ਸੰਗਤਿ ਹੋਇ ਨਿਵਾਸੁ ॥ (ਪੰਨਾ—415)
ਹਰਿ ਹਰਿ ਮੇਲਿ ਮੇਲਿ ਜਨ ਸਾਧੂ ਹਮ ਸਾਧ ਜਨਾ ਕਾ ਕੀੜਾ ॥ (ਪੰਨਾ—698)
ਕਹੁ ਨਾਨਕ ਪ੍ਰਭ ਬਖਸ ਕਰੀਜੈ ॥
ਕਰਿ ਕਿਰਪਾ ਮੋਹਿ ਸਾਧ ਸੰਗੁ ਦੀਜੈ ॥ (ਪੰਮਾ—738)
ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥
ਸਾਧ ਸੰਗਤਿ ਕੈ ਅੰਚਲਿ ਲਾਵਹੁ ॥ (ਪੰਨਾ—801)
ਵਡਭਾਗੀ ਹਰਿ ਨਾਮੁ ਧਿਆਵਹਿ ਹਰਿ ਕੇ ਭਗਤ ਹਰੇ ॥
ਤਿਨ ਕੀ ਸੰਗਤਿ ਦੇਹਿ ਪ੍ਰਭ ਜਾਚਉ
ਮੈ ਮੂੜ ਮੁਗਧ ਨਿਸਤਰੇ ॥ (ਪੰਨਾ—975)
ਸਤ ਸੰਗਤਿ ਸਾਧ ਦਇਆ ਕਰਿ ਮੇਲਹੁ
ਸਰਣਾਗਤਿ ਸਾਧੂ ਪੰਥੁ ॥ (ਪੰਨਾ—1179)
ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ
ਮੋਹਿ ਮਾਰਗੁ ਦਿਖਲਾਵੈ ॥ (ਪੰਨਾ—1201)



Opposed to this Gurbani has this to say about the condition of the being who is devoid of the sadh sangat, the company of the holy :-

1 *Those who have not sought the Sanctuary of the True Guru and the Sangat, the Holy Congregation-cursed are their lives, and cursed are their hopes of life.* *10*

2 *He does not join the Saadh Sangat, the Company of the Holy, and he suffers in terrible pain through countless incarnations.* *77*

3 *Those who lack the Company of the Holy, remain all alone.*
*Their pain never departs, and they fall into the grip of the Messenger of Death.* *135*

4 *He wavers and falters, and suffers such great pain, without the Saadh Sangat, the Company of the Holy.* *405*

*One who does not obtain the Association of the True Guru, is a most unfortunate sinner; he is consumed by the Messenger of Death.* *494*

6 *He finds no place of rest without the Saadh Sangat, the Company of the Holy; to whom should he go and cry?* *532*

7 *That life, which has no contact with the Holy, is useless.* *810*

Therefore Gurbani guides and motivates us to make 'supplications in the following way:-

8 *I offer my prayer to the Lord,*
*that I might dwell in the Saadh Sangat, the Company of the Holy.* *415*

9 *O Lord, Har, Har, please unite me with the Holy; compared to these Holy people, I am just a worm.* *698*

10 *Says Nanak, please forgive me, God.*
*Have Mercy upon me, and bless me with the Saadh Sangat, the Company of the Holy.* *738*

11 *Have Mercy upon me, and place me upon the Path;*
*let me be attached to the hem of the robe of the Saadh Sangat, the Company of the Holy.* *801*

12 *I beg for the Sangat, the Congregation; O God, please bless me with them. I am a fool, and an idiot - please save me!* *975*

13 *Please be kind to me, and unite me with the Sat Sangat, the True Congregation of the Holy; I seek the Sanctuary of the Holy.* *1179*

14 *If only some Saint, some humble Saint of the Lord, my Holy Beloved, would come, to show me the way.* *1201*

ਐਸੀ ਮਾਂਗੁ ਗੋਬਿੰਦ ਤੇ ॥
ਟਹਲ ਸੰਤਨ ਕੀ ਸੰਗੁ ਸਾਧੂ ਕਾ ਹਰਿਨਾਮਾਂ ਜਪਿ ਪਰਮਗਤੇ ॥ (ਪੰਨਾ—1298)

ਟੈਲੀਫ਼ੋਨ (telephone) ਉਤੇ ਗੱਲ ਕਰਨ, ਮੇਲ-ਜੋਲ ਕਰਨ ਲਈ ਕਿਸੇ ਖਾਸ ਨੰਬਰ ਦਾ 'ਮੇਲ' ਹੋਣਾ **ਲਾਜ਼ਮੀ** ਹੈ—ਜੇਕਰ ਉਹ ਨੰਬਰ ਨਾ ਮਿਲੇ ਯਾ ਰਿਸੀਵਰ (receiver) ਨਾ ਚੁਕਿਆ ਜਾਵੇ ਤਾਂ ਦੋਹਾਂ ਧਿਰਾਂ ਵਿਚਕਾਰ—

ਗੱਲ-ਬਾਤ ਨਹੀਂ ਹੁੰਦੀ,
'ਸੰਗ' ਅਥਵਾ 'ਸੰਗਤ' ਨਹੀਂ ਹੁੰਦੀ
ਸਾਂਝ ਨਹੀਂ ਪੈਂਦੀ
ਲੇਵਾ-ਦੇਵੀ ਨਹੀਂ ਹੁੰਦੀ।
ਵਣਜ-ਵਪਾਰ ਨਹੀਂ ਹੁੰਦਾ।

ਐਨ ਏਸੇ ਤਰ੍ਹਾਂ ਜੇਕਰ ਪਾਠ-ਪੂਜਾ, ਭਜਨ-ਬੰਦਗੀ ਕਰਦਿਆਂ ਹੋਇਆਂ ਸਾਡਾ ਮਨ **'ਸਾਵਧਾਨ ਏਕਾਗਰ ਚੀਤ' ਨਾ ਹੋਵੇ ਤਾਂ ਗੁਰਬਾਣੀ ਦੇ ਅੰਤ੍ਰੀਵ ਡੂੰਘੇ ਅਤਿ ਸੂਖਮ ਭਾਵਾਂ ਤੋਂ ਅਸੀਂ ਵਾਂਝੇ ਰਹਿੰਦੇ ਹਾਂ** ਅਤੇ **ਗੁਰਬਾਣੀ ਦੀ 'ਪਾਰਸ ਕਲਾ' ਸਾਡੇ ਤੇ ਨਹੀਂ ਵਰਤ ਸਕਦੀ।**

ਤਦੇ ਗੁਰਬਾਣੀ ਵਿਚ ਪ੍ਰੇਰਨਾ ਅਤੇ ਤਾਕੀਦੀ ਹੁਕਮ ਹੈ :—
ਇਕਮਨਿ ਏਕੁ ਧਿਆਈਐ ਮਨ ਕੀ ਲਾਹਿ ਭਰਾਂਤਿ ॥ (ਪੰਨਾ 47)
ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥
ਸਾਵਧਾਨ ਏਕਾਰਾਰ ਚੀਤ ॥ (ਪੰਨਾ—295)
ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕਚਿਤਿ ਭਾਇ ॥ (ਪੰਨਾ—653)
ਮਿਲੇ ਸੰਤ ਪਿਆਰੇ ਦਇਆ ਧਾਰੇ ਕਥਹਿ ਅਕਥ ਬੀਚਾਰੋ ॥
ਇਕ ਚਿਤਿ ਇਕ ਮਨਿ ਧਿਆਇ ਸੁਆਮੀ
ਲਾਇ ਪ੍ਰੀਤਿ ਪਿਆਰੋ ॥ (ਪੰਨਾ—845)
ਮਨ ਬਚ ਕਰਮ ਅਰਾਧੇ ਕਰਤਾ ਤਿਸੁ ਨਾਹੀ ਕਦੇ ਸਜਾਈ ਹੇ ॥ (ਪੰਨ—1071)
ਇਕ ਮਨ ਇਕੁ ਅਰਾਧਣਾ ਗੁਰਮਤਿ ਆਪੁ ਗਵਾਇ ਸੁਹੇਲੇ। (ਵਾ.ਭਾ.ਗੁ. 5/6)
ਕੁਰਬਾਣੀ ਤਿਨਾ ਗੁਰ ਸਿਖਾ ਹੁਇ ਇਕ ਮਨਿ ਗੁਰ ਜਾਪੁ ਜਪੰਦੇ। (,, ,, 12/2)

ਇਸ **ਇਕਾਗਰਤਾ** ਲਈ ਮਨ ਦੀ ਹਾਲਤ ਬਾਬਤ ਗੁਰਬਾਣੀ ਵਿਚ ਇਉਂ



*1 Beg for such blessings from the Lord of the Universe:*
*to work for the Saints, and the Saadh Sangat, the Company of the Holy. Chanting the Name of the Lord, the supreme status is obtained. 1298*

To speak on the telephone, to make a connection, it is necessary to 'connect' to a particular number—if that number is not available or the receiver is not lifted then between the two parties—

no conversation takes place,
'communion' or the 'get-together' does not take place,
sharing does not take place,
interaction does not take place,
business-transaction does not take place.

Exactly in the same way, when doing *paath*-worship, meditation-contemplation, if our mind is not in 'one-pointed state of consciousness', then we remain divorced from the innate, profound, infinitely subtle vibes of Gurbani and the 'touch-stone power' of Gurbani cannot operate on us.

That is why in Gurbani there is encouragement and binding command

*2 With one-pointed mind, meditate on the One Lord, and the doubts of your mind will be dispelled. 47*

*3 Sing the Praises of God, O Saints, O friends,*
*with total concentration and one-pointedness of mind. 295*

*4 O mind, meditate on the Dear Lord, with single-minded conscious concentra tion. 653*

*5 I have met the Beloved Saints, and they have blessed me with their kindness; I contemplate the Unspoken Speech of the Lord.*
*With my consciousness centered, and my mind one-pointed, I meditate on my Lord and Master, with love and affection. 845*

*One who adores the Creator in thought, word and deed, shall never be pun ished. 1071*

*Those who meditate and contemplate on the wisdom of the Guru, in a state of one pointedness, they shed their egotism or me-mineness and enjoy tranquility. VBG 5/6*

*I am a sacrifice unto those who remember the Lord with single minded devo tion, VBG12/2*

*For achieving this single mindedness, Gurbani has warned as follows about the condition of the mind*

ਤਾੜਨਾ ਕੀਤੀ ਹੈ :—

ਰਹਤ ਅਵਰ ਕਛੁ ਅਵਰ ਕਮਾਵਤ ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥ (ਪੰਨਾ—269)
ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ
ਦਹ ਦਹ ਦਿਸਿ ਚਲਿ ਚਲਿ ਹਾਢੇ ॥ (ਪੰਨਾ—171)
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥ (ਪੰਨਾ—488)
ਹਮਰੈ ਜੀਇ ਹੋਰੁ ਮੁਖਿ ਹੋਰੁ ਹੋਤ ਹੈ
ਹਮ ਕਰਮਹੀਣ ਕੂੜਿਆਰੀ ॥ (ਪੰਨਾ—528)

ਅਸਲ ਵਿਚ ਇਸ ਵਿਸ਼ੇ ਦਾ ਸਭ ਤੋਂ **ਵਿਸ਼ੇਸ਼ ਤੇ ਅਮਲੀ ਦ੍ਰਿਸ਼ਟਾਂਤ** ਸਾਡਾ ਆਪਣਾ **ਮਾਇਕੀ ਜੀਵਨ ਹੀ ਹੈ।**

ਜੀਵ **ਹਉਮੈ ਦੇ ਭਰਮ-ਭੁਲਾਵੇ** ਦੁਆਰਾ ਆਪਣੇ ਸੋਮੇ ਅਕਾਲ ਪੁਰਖ ਨੂੰ **'ਭੁਲ ਕੇ' ਅਥਵਾ 'ਵਿਛੁੜ ਕੇ' ਕਈ ਜਨਮਾਂ ਤੋਂ ਮੋਹ-ਮਾਇਆ ਦੀ ਦਲ-ਦਲ ਵਿਚ ਖੁਭਿਆ ਹੋਇਆ ਹੈ** ਅਥਵਾ **ਦੂਜੇ ਭਾਉ ਵਿਚ ਗਲਤਾਨ ਹੈ।**

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥ (ਪੰਨਾ—133)
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ—133)
ਮਾਇਆ ਮੋਹਿ ਨਟਿ ਬਾਜੀ ਪਾਈ ॥
ਮਨਮੁਖ ਅੰਧ ਰਹੇ ਲਪਟਾਈ ॥ (ਪੰਨਾ—230)

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥ (ਪੰਨਾ—710)
ਅਨਿਕ ਜਨਮ ਬੀਤੀਅਨ ਭਰਮਾਈ ॥
ਘਰਿ ਵਾਸੁ ਨ ਦੇਵੈ ਦੁਤਰ ਮਾਈ ॥
ਦਿਨਸੁ ਰੈਨਿ ਅਪਨਾ ਕੀਆ ਪਾਈ ॥
ਕਿਸੁ ਦੋਸੁ ਨ ਦੀਜੈ ਕਿਰਤੁ ਭਵਾਈ ॥ (ਪੰਨਾ—745)

**ਜਨਮਾਂ-ਜਨਮਾਂ ਤੋਂ** ਇਸ ਝੂਠੀ ਮਾਇਆ ਵਿਚ ਅਸੀਂ **ਇਤਨੇ ਗਲਤਾਨ ਹੋਇ ਹੋਏ** ਹਾਂ ਕਿ ਸਾਡਾ **'ਜੀਵਨ' ਹੀ ਮਾਇਆ ਦਾ 'ਰੂਪ' ਹੋ ਚੁਕਿਆ ਹੈ,** ਇਸ



1 *He says one thing, and does something else.*
*There is no love in his heart, and yet with his mouth he talks tall.* 269

2 *This mind does not hold still, even for an instant. Distracted by all sorts of distractions, it wanders around aimlessly in the ten directions.* 171

3 *Those who have one thing in their heart, and something else in their mouth, are judged to be false.* 488

4 *I have one thing in my mind, and another thing on my lips; I am such a poor, unfortunate liar!* 528

In fact the most distinctive and practical example pertaining to this subject indeed is our own materialistic life.

Man under the influence of the doubt-fallacy of egotism having 'forgotten' or having 'separated' over numerous births from his fountain head, the Timeless Being , is stuck in the quicksand of materialistic attachment or is entangled in the second love (that is worldly love).

5 *By the actions we have committed, we are separated from You. Please show Your Mercy, and unite us with Yourself, Lord.* 133

6 *She has forgotten the Lord, her Life-companion, her Master; she has become attached to Maya, the deceitful one.*
*Neither son, nor spouse, nor wealth shall go along with you-only the Eternal Lord.*
*Entangled and enmeshed in the love of false occupations, the whole world is perishing.* 133

7 *The Actor has staged the drama of emotional attachment to Maya.*
*The self-willed manmukhs cling blindly to it.* 230

8 *The five vices have corrupted my mind.*
*Moment by moment, they lead me further away from the Lord.* 710

9 *Countless lifetimes have passed away, wandering aimlessly.*
*The terrible, treacherous Maya does not even allow them to dwell in their own home.*
*Day and night, they receive the rewards of their own actions.*
*Don't blame anyone else; your own actions lead you astray.*

Over numerous births we have become so entangled in this false materialism that our 'life' has become the embodiment of materialism,

ਲਈ ਸਾਡੇ—

ਖਿਆਲ
ਕਲਪਨਾ
ਸੋਚ
ਰੀਝਾਂ
ਆਸਾਂ
ਪਿਆਰ
ਭਾਵਨਾ
ਨਿਸਚਾ
ਸ਼ਰਧਾ
ਸੰਗਤ
ਲੇਵਾ-ਦੇਵੀ
ਕਰਮ
ਧਰਮ
ਕ੍ਰਿਆ
ਘਾਲਣਾ

ਅਥਵਾ ਸਮੁੱਚੇ ਜੀਵਨ ਨੂੰ ਹੀ ਮੋਹ-ਮਾਇਆ ਦੀ 'ਗੂੜ੍ਹੀ ਰੰਗਤ' ਚੜ੍ਹੀ ਹੋਈ ਹੈ, ਜਿਸ ਕਾਰਣ ਸਾਡੀ—

ਚੇਤੰਨਤਾ
ਧਿਆਨ
ਸੁਰਤੀ
ਬਿਰਤੀ
ਲਿਵ

ਇਸੇ ਝੂਠੀ ਮਾਇਆ ਵਿਚ ਅਚੇਤ, ਸਹਿਜੇ-ਸੁਭਾਇ, ਅਣਜਾਣੇ ਹੀ ਐਸੀ 'ਖੁੱਭੀ-ਚੁੱਭੀ' ਹੈ ਕਿ ਇਸ ਤੋਂ ਬਾਹਰ ਹੋਰ ਕਿਸੇ ਪਾਸੇ ਸਾਡਾ 'ਧਿਆਨ' ਜਾਣਾਂ ਅਸੰਭਵ ਹੈ।

ਸਾਡੇ ਅੰਦਰ ਇਸ ਝੂਠੀ ਮਾਇਆਂ ਦੀ—



for this reason our

thoughts
imagination
thinking
desires
needs
love
feelings
inclinations
faith
company
interaction
actions
religion
deeds
effort

in fact our whole life is bathed in the 'dark hue' of materialistic attachment. For this reason our

awareness
attention
consciousness
concentration
contemplation

is unconsciously, spontaneously, unknowingly so engrossed in this false materialism that it is impossible for our 'attention' to move elsewhere.

This false materialism's

ਚੇਤੰਨਤਾ
ਖਿਆਲ
ਧਿਆਨ
ਰੰਗਤ
ਵਿਸ਼ਵਾਸ
ਬਿਰਤੀ
ਲਿਵ

ਅਨੇਕਾਂ ਪਿਛਲੇ ਜਨਮਾਂ ਵਿਚ **'ਮਾਇਆ' ਦੀ**—

**ਸੰਗਤ ਕਰਨ**
**ਖਿਆਲ ਕਰਨ**
**ਯਾਦ ਕਰਨ**
**ਸਿਮਰਨ ਕਰਨ**
**ਅਭਿਆਸ ਕਰਨ**

**ਤੋਂ ਉਪਜੀ ਤੇ ਇਤਨੀ ਦ੍ਰਿੜ੍ਹ ਹੋ ਗਈ ਹੈ ਕਿ 'ਮਾਇਕੀ ਚੇਤੰਨਤਾ'** (materialistic) ਦੁਆਰਾ **'ਮਾਇਆ' ਹੀ ਸਾਡਾ 'ਜੀਵਨ-ਰੂਪ' ਬਣ ਚੁਕੀ ਹੈ** ਅਤੇ ਇਸੇ **'ਮਾਇਕੀ ਜੀਵਨ' ਵਿਚ ਹੀ** ਅਸੀਂ—

ਜੰਮਦੇ
ਜੀਊਂਦੇ
ਵਿਚਰਦੇ
ਕਰਮ ਕਰਦੇ
ਨਤੀਜੇ ਭੁਗਤਦੇ
ਮਰਦੇ
ਜਮਾਂ ਦੇ ਵੱਸ ਪੈਂਦੇ ਅਤੇ
ਫਿਰ ਜੰਮਦੇ ਹਾਂ ।

ਤ੍ਰਉਦਸੀ ਤੀਨਿ ਤਾਪ ਸੰਸਾਰ ॥ ਆਵਤ ਜਾਤ ਨਰਕ ਅਵਤਾਰ ॥...
ਹਰਖ ਸੋਗ ਕਾ ਦੇਹ ਕਰਿ ਬਾਧਿਓ ॥
ਦੀਰਘ ਰੋਗੁ ਮਾਇਆ ਆਸਾਧਿਓ ॥ (ਪੰਨਾ—299)
ਹਰਿ ਬਿਸਰਿਐ ਕਿਉ ਤ੍ਰਿਪਤਾਵੈ ਨ ਮਨੁ ਰੰਜੀਐ ॥



awareness
thinking
attention
hue or colour
faith
concentration
contemplation

within us arose during the previous lives through

the company
paying attention
remembering
contemplating
meditating

on materialism and it has become so ingrained that through 'materialistic consciousness' materialism has become our 'life-form' and in this 'materialistic life', we

take birth
live our life
abide
take actions
face consequences
die
become the victims of jam (the couriers of death)
take birth again.

1 *The thirteenth day of the lunar cycle: The world is in the fever of the three qualities.*
*It comes and goes, and is reincarnated in hell.* .........
*This body is the embodiment of pleasure and pain.*
*It suffers from the chronic and incurable disease of Maya..........* 299

2 *Forgetting the Lord, how can you be satisfied? Your mind cannot be pleased.*

L79-22

ਪ੍ਰਭੂ ਛੋਡਿ ਅਨ ਲਾਗੈ ਨਰਕਿ ਸਮੰਜੀਐ ॥ (ਪੰਨਾ—708)
ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥
ਬਹੁਤ ਸਜਾਇ ਪਇਆ ਦੇਸਿ ਲੰਮੈ ॥
ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖੁ ਸਹੈ ਪਰਾਣੀਆ ॥ (ਪੰਨਾ—1020)
ਮਾਇਆ ਮੋਹਿ ਬਹੁ ਭਰਮਿਆ ॥
ਕਿਰਤ ਰੇਖ ਕਰਿ ਕਰਮਿਆ ॥ (ਪੰਨਾ— 1193)

ਜੇਕਰ-ਇਨਸਾਨੀ 'ਜੀਵਨ' ਨੂੰ **'ਮਾਇਕੀ ਰੰਗਤ' ਚਾੜ੍ਹਨ ਅਥਵਾ ਦ੍ਰਿੜ੍ਹ ਕਰਨ ਲਈ ਬੇਅੰਤ ਜਨਮਾਂ ਦੇ ਮਾਇਆ ਨਾਲ 'ਸੰਗ' ਅਥਵਾ 'ਮੇਲ-ਜੋਲ ਦੇ ਅਭਿਆਸ ਦੀ ਲੋੜ ਹੈ**— ਤਾਂ ਇਸ ਦੇ **ਐਨ ਉਲਟ 'ਮਾਇਕੀ ਜੀਵਨ' ਨੂੰ ਆਤਮਿਕ ਜੀਵਨ ਵਿਚ 'ਬਦਲਣ', 'ਢਾਲਣ' ਅਥਵਾ 'ਦ੍ਰਿੜ੍ਹ ਕਰਾਉਣ' ਲਈ—ਇਸ ਤੋਂ ਭੀ ਜ਼ਿਆਦਾ ਸਮੇਂ ਲਈ ਉਚੀ-ਸੁਚੀ ਆਤਮਿਕ 'ਸਾਧ ਸੰਗਤ' ਅਥਵਾ 'ਸਤਸੰਗਤ' ਕਰਨੀ ਅਤਿਅੰਤ ਜ਼ਰੂਰੀ ਅਤੇ ਲਾਜ਼ਮੀ** ਹੈ ।

ਇਹ **'ਉਲਟੀ ਖੇਲ'** ਅਥਵਾ **ਆਤਮਿਕ 'ਤਬਦੀਲੀ'** ਅਤੀ ਲੰਮੇਰੀ ਅਤੇ **ਕਠਿਨ 'ਪ੍ਰਿਮ-ਖੇਲ' ਹੈ,** ਜੋ ਬਖਸ਼ੇ ਹੋਇ ਗੁਰਮੁਖ ਪਿਆਰਿਆਂ ਮਹਾਂਪੁਰਖਾਂ ਦੀ **ਲਗਾਤਾਰ 'ਸੰਗਤ' ਅਤੇ ਸੇਵਾ-ਭਾਵਨੀ ਨਾਲ 'ਸੌਖੀ'** ਤੇ **'ਸ਼ੀਘਰ' ਸੰਭਵ ਹੋ ਸਕਦੀ ਹੈ ।**

ਏਸੇ ਕਰਕੇ ਗੁਰਬਾਣੀ ਵਿਚ **'ਸਾਧ ਸੰਗਤ'** ਅਥਵਾ **'ਸਤ ਸੰਗਤ'** ਕਰਨ ਦੀ **ਤਾਕੀਦੀ ਪ੍ਰੇਰਨਾ ਕੀਤੀ ਗਈ ਹੈ ।**

ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲ ॥ (ਪੰਨਾ—52)
ਸੁਣਿ ਸਾਜਨ ਮੇਰੇ ਮੀਤ ਪਿਆਰੇ ॥
ਸਾਧਸੰਗਿ ਖਿਨ ਮਾਹਿ ਉਧਾਰੇ ॥ (ਪੰਨਾ—103)
ਕੋਟਿ ਬਿਘਨ ਹਿਰੇ ਖਿਨ ਮਾਹਿ ॥
ਹਰਿ ਹਰਿ ਕਥਾ ਸਾਧ ਸੰਗਿ ਸੁਨਾਹਿ ॥ (ਪੰਨਾ—195)
ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ ॥
ਏਕ ਬਾਤ ਸੁਨਿ ਤਾਕੀ ਓਟਾ ਸਾਧ ਸੰਗਿ ਮਿਟਿ ਜਾਹੀ ॥ (ਪੰਨਾ—206)
ਜੀਤਿ ਜਨਮੁ ਇਹੁ ਰਤਨੁ ਅਮੋਲਕੁ
ਸਾਧ ਸੰਗਤਿ ਜਪਿ ਇਕ ਖਿਨਾ ॥ (ਪੰਨਾ—210)
ਸਾਧ ਕੈ ਸੰਗਿ ਨਹੀ ਕਛੁ ਘਾਲ ॥



*One who forsakes God, and attaches himself to another, shall be immersed in hell.* 708

*You shall be born and born again, and die and die again, only to be reincarnated again.*
*You shall suffer terrible punishment, on your way to the land beyond.*
*The mortal does not know the One who created him; he is blind, and so he shall suffer.* 1020

2 *He wanders in attachment to Maya.*
*He acts in accordance with the karma of his past actions.* 1193

If a human being needs the company of or the exposure to the practice of materialism over numerous birth to 'imbibe' or ingrain the 'materialistic hue or colour'- then exactly opposed to this, wanting to take materialistic life' and change, remould or ingrain the spiritual life in its place— the need for even more time is absolutely essential and mandatory to enable the lofty-pure spiritual 'company of the holy' to take place.

The 'reverse play' or spiritual 'transformation' is extremely lengthy and arduous 'play of love' which can be attained quickly through the continuous company and service-orientatedness of evolved and beloved guru-orientated beings.

This is why there is obligatory advice in Gurbani to maintain the 'company of the holy' or the 'company of truth'.

4 *In the Saadh Sangat, He dwells within the mind, and one's works are brought to perfect fruition.* 52

5 *Listen, O my beloved friends and companions:*
*in the Saadh Sangat, the Company of the Holy, you shall be saved in an in stant.* 103

6 *Millions of obstacles are removed in an instant,*
*for those who listen to the Sermon of the Lord, Har, Har, in the Saadh Sangat, the Company of the Holy.* 195

7 *Trying all sorts of things, I have grown weary, but still, they will not leave me alone.*
*But I have heard that they can be rooted out, in the Saadh Sangat, the Company of the Holy; and so I seek their Shelter.* 206

8 *Be victorious, and win the priceless jewel of this human life, by meditating on Him in the Saadh Sangat, the Company of the Holy, even for an instant.* 210

9 *In the Company of the Holy, there is no suffering.*

ਦਰਸਨੁ ਭੇਟਤ ਹੋਤ ਨਿਹਾਲ ॥ (ਪੰਨਾ—272)

ਮਹਾ ਪਵਿਤ੍ਰ ਸਾਧ ਕਾ ਸੰਗੁ ॥

ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥ (ਪੰਨਾ—393)

ਖਿਨਹੂੰ ਕਿਰਪਾ ਸਾਧੂ ਸੰਗ ਨਾਨਕ ਹਰਿ ਰੰਗੁ ਲਾਇਓ ॥ (ਪੰਨਾ– 409)

ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ ॥

ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ ॥ (ਪੰਨਾ—45੫)

ਨਾਨਕ ਪਤਿਤ ਪਵਿਤ ਮਿਲਿ ਸੰਗਤਿ

ਗੁਰਿ ਸਤਿਗੁਰ ਪਾਛੈ ਛੁਕਟੀ ॥ (ਪੰਨਾ—528)

ਸਾਧਸੰਗਿ ਮਿਲਿ ਨਾਮੁ ਧਿਆਵਹੁ ਪੂਰਨ ਹੋਵੈ ਘਾਲਾ ॥ (ਪੰਨਾ—617)

ਸਾਧ ਸੰਗਤਿ ਕੈ ਅੰਚਲਿ ਲਾਵਹੁ

ਬਿਖਮ ਨਦੀ ਜਾਇ ਤਰਣੀ ॥ (ਪੰਨਾ—702)

ਪੰਚ ਚੋਰ ਆਗੈ ਭਗੇ ਜਬ ਸਾਧ ਸੰਗੇਤ ॥

ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ॥ (ਪੰਨਾ—810)

ਅਨ ਤੇ ਟੂਟੀਐ ਰਿਖ ਤੇ ਛੂਟੀਐ ॥

ਮਨ ਹਰਿ ਰਸ ਘੂਟੀਐ ਸੰਗਿ ਸਾਧੂ ਉਲਟੀਐ ॥ (ਪੰਨਾ—830)

ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਏ ॥ (ਪੰਨਾ—1208)

**ਸਤ ਸੰਗਤਿ ਸਤਿਗੁਰ ਚਟਸਾਲ ਹੈ**

**ਜਿਤੁ ਹਰਿ ਗੁਣ ਸਿਖਾ ॥** (ਪੰਨਾ—1316)

ਚਲਦਾ...

1 *The Blessed Vision of their Darshan brings a sublime, happy peace.* *272*

2 *The Saadh Sangat, the Company of the Holy, is so very pure and sacred. Meeting with them, love for God is embraced.* *393*

3 *One moment, O Nanak, the Lord bestows His Mercy and blesses him with His Love, in the Saadh Sangat, the Company of the Holy.* *409*

4 *From forest to forest, I wandered searching; I am so tired of taking baths at sacred shrines of pilgrimage.*
*O Nanak, when I met the Holy Saint, I found the Lord within my mind.* *455*

5 *O Nanak, the sinners become pure, joining the Company of the Holy; following the Guru, the True Guru, they are emancipated.* *528*

6 *Joining the Saadh Sangat, the Company of the Holy, meditate on the Naam, the Name of the Lord; your efforts shall be rewarded.* *617*

7 *Please attach me to the hem of the robe of the Saadh Sangat, the Company of the Holy; help me to cross over the terrible river.* *702*

8 *The five thieves run away, when one joins the Saadh Sangat, the Company of the Holy.*
*His investment is intact, and he earns great profits; his household is blessed with honor.* *810*

9 *I have broken away from the others, and I have been released from the Mes senger of Death.*
*O mind, drink in the subtle essence of the Lord; join the Saadh Sangat, the Company of the Holy, and turn away from the world.* *830*

10 *One who enjoys peace in the Company of the Holy, even for an instant, obtains millions of heavenly paradises.* *1208*

11 *The Sat Sangat, the True Congregation of the True Guru, is the school of the soul, where the Glorious Virtues of the Lord are studied.* *1316*

cont/......Lekh 80 Sangat Part 3


L79.24